# ਅੰਮ੍ਰਿਤ ਕੀਰਤਨ

ਅੰਕ 4 ਸਾਲ ਚੌਥਾ ਅਪ੍ਰੈਲ 1992



ਸ· ਗਿਆਨ ਸਿੰਘ ਜੀ ਐਬਟਾਬਾਦ

ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਕ 4 ਸਾਲ ਚੌਥਾ ਅਪ੍ਰੈਲ 1992

ਂਕ (ਆਨਰੇਰੀ)
ਾਂਗੀਰ ਸਿੰਘ
ਯੋਗੀ
ਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15 ਏ
ਚੰਡੀਗੜ੍ਹ-160015
ਫੋਨ : 24660

ਚੰਦੇ ਦਾ ਵੇਰਵਾ
ਇੱਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਤੁਹਾਡੇ ਪੱਤਰ 4
2. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ — ਡਾ. ਜਾਗੀਰ ਸਿੰਘ 6
3. ਤਬਲੇ ਦੀ ਤਾਰੀਖ — ਬਲਬੀਰ ਸਿੰਘ ਕੰਵਲ 11
4. ਪੰਜਾਬ ਵਿਚ ਧਾਰਮਕ ਸੰਗੀਤ ਦੀ ਪਰੰਪਰਾ — ਡਾ. ਦੇਵਿੰਦਰ ਸਿੰਘ ਵਿਦਿਆਰਥੀ 16
5. ਸ੍ਰ. ਗਿਆਨ ਸਿੰਘ ਜੀ ਐਬਟਾਬਾਦ — ਪ੍ਰੋ. ਸਤਵਿੰਦਰ ਸਿੰਘ 21
6. ਗੁਰਬਾਣੀ ਸੰਗੀਤ ਤੇ ਗੁਰਮਤਿ ਸਮਾਚਾਰ 24
7. ਗੁਰੂ ਨਾਨਕ ਅਤੇ ਸੰਗੀਤ — ਹਰਜਾਪ ਸਿੰਘ 28
8. ਰਾਗ ਬਸੰਤ-ਸ਼ਬਦ-ਅਰਥ ਤੇ ਸੁਰ ਲਿਪੀ — ਪ੍ਰਿੰਸੀਪਲ ਦਿਆਲ ਸਿੰਘ ਜੀ 30
9. Raag Suhee in Teen Taal — Seema Kaur 32
10. ਸੰਗੀਤ ਸਿੱਖਿਆ : ਸੁਰ ਗਿਆਨ 33

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

★ ਅੰਮ੍ਰਿਤ ਕੀਰਤਨ ਵਿਚ ਕੀਰਤਨ ਸੰਬੰਧੀ ਬਹੁਤ ਮਾਲੂਮਾਤ ਮਿਲਦੀ ਹੈ। ਜੋ ਵਿਦਿਆ ਇਹ ਰਸਾਲਾ ਫ਼ਰਾਹਮ ਕਰਦਾ ਹੈ ਉਹ ਹੋਰ ਕੋਈ ਪੱਤਰਕਾ ਨਹੀਂ ਮੁਹੱਈਆ ਕਰ ਸਕਦੀ। ਅਰਦਾਸ ਕਰਦੇ ਹਾਂ ਕਿ ਆਪ ਅਤੇ ਆਪ ਦਾ ਮਾਸਿਕ ਰਸਲਾ ਚੜ੍ਹਦੀ ਕਲਾ ਵਿਚ ਰਹੇ।

—ਹਰਜਾਪ ਸਿੰਘ, ਨਿਊਜਰਸੀ, ਅਮਰੀਕਾ

★ ਅੰਮ੍ਰਿਤ ਕੀਰਤਨ ਵਿਚ ਛਪੇ ਲੇਖਾਂ ਤੇ ਵਿਚਾਰਾਂ ਨੂੰ ਪੜ੍ਹ ਕੇ ਕੁਝ ਇਲਾਹੀ ਸਰੂਰ ਆ ਜਾਂਦਾ ਹੈ। ਗੁਰਬਾਣੀ ਅਤੇ ਸੰਗੀਤ ਦੇ ਸੰਬੰਧ ਬਾਰੇ ਪੜ੍ਹਦਿਆਂ ਗੁਰਬਾਣੀ ਗਾਇਨ ਦੇ ਮਹੱਤਵ ਦਾ ਪਤਾ ਲੱਗਦਾ ਹੈ। ਜਨਵਰੀ ਪਰਚੇ ਵਿਚ ਭਾਈ ਸਮੁੰਦ ਸਿੰਘ ਜੀ ਬਾਰੇ ਪੜ੍ਹ ਕੇ ਬਹੁਤ ਖੁਸ਼ੀ ਹੈ। ਇਹ 'ਅੰਮ੍ਰਿਤ ਕੀਰਤਨ' ਹੀ ਹੈ ਜੋ ਮਹਾਨ ਕੀਰਤਨੀਆਂ ਦੀ ਯਾਦ ਤਾਜ਼ਾ ਕਰਵਾਉਂਦਾ ਅਤੇ ਇਸ ਨੂੰ ਚਮਕਦੀ ਰੱਖਣ ਲਈ ਪੂਰਾ ਜਤਨ ਕਰ ਰਿਹਾ ਹੈ।

—ਨਰਿੰਦਰਪਾਲ ਸਿੰਘ ਵਿਕਾਸ ਪੁਰੀ ਨਵੀਂ ਦਿੱਲੀ

★ ਸੰਤ ਸਰਵਣ ਸਿੰਘ ਜੀ 'ਗੰਧਰਵ' ਹੁਰਾਂ ਦੇ ਅਕਾਲ ਚਲਾਣੇ ਦਾ ਬਹੁਤ ਦੁੱਖ ਹੋਇਆ ਹੈ। ਇੰਜ ਲੱਗਦਾ ਹੈ ਕਿ ਕੀਰਤਨ ਦਾ ਇਕ ਵਗਦਾ ਦਰਿਆ ਮਾਰੂਥਲ ਬਣ ਗਿਆ ਹੈ। ਰੱਬ ਕੋਲ ਅਰਜ਼ੋਈ ਹੈ ਕਿ ਇਸ ਅੰਮ੍ਰਿਤ ਨਦੀ ਨੂੰ ਵਹਿੰਦਾ ਰੱਖਣ ਲਈ ਆਪ ਜੀ ਨੂੰ ਬਲ ਬਖਸ਼ੇ।

—ਬੂਟਾ ਸਿੰਘ ਡੀ. ਈ. ਫੋਨਜ਼ ਮੋਗਾ

★ ਆਪ ਜੀ ਕੀਰਤਨ ਦੀ ਪਰੰਪਰਾ ਮਰਿਯਾਦਾ ਅਨੁਸਾਰ ਫਿਰ ਤੋਂ ਉਜਾਗਰ ਕਰਨ ਦੀ ਜੋ ਸੇਵਾ 'ਅੰਮ੍ਰਿਤ ਕੀਰਤਨ' ਰਸਾਲੇ ਤੇ ਗੁਰਬਾਣੀ ਕੀਰਤਨ ਮਰਿਯਾਦਾ ਅਨੁਸਾਰ ਰਾਗ ਤੇ ਸੰਗੀਤ ਦੁਆਰਾ ਗਾਇਨ ਕਰ ਕੇ ਕਰ ਰਹੇ ਹੋ. ਆਪ ਜੀ ਦੀ ਇਹ ਸੇਵਾ ਬੜੀ ਹੀ ਸ਼ਲਾਘਾ ਯੋਗ ਹੈ।

ਹਰ ਮਹੀਨੇ ਦੇ ਸ਼ੁਰੂ ਹੁੰਦਿਆਂ ਹੀ 'ਅੰਮ੍ਰਿਤ ਕੀਰਤਨ' ਦੀ ਉਡੀਕ ਬੜੀ ਹੀ ਬੇਸਬਰੀ ਨਾਲ ਸ਼ੁਰੂ ਹੋ ਜਾਂਦੀ ਹੈ।

ਇਸ ਵਿਚ ਡੂੰਘੀ ਖੋਜ ਭਰੇ ਲੇਖ, ਗੁਰਬਾਣੀ, ਰਾਗ ਤੇ ਸੰਗੀਤ ਸੰਬੰਧਤ ਲੇਖ ਮਨ ਬਿਰਤੀ ਨੂੰ ਬੜੇ ਹੀ ਸੁੰਦਰ ਤਰੀਕੇ ਨਾਲ ਸੁੰਦਰ ਸੱਜ ਦੇਂਦੇ ਹਨ। ਇਸ ਤੋਂ ਇਲਾਵਾ ਆਪ ਜੀ ਦੇ ਗਾਇਨ ਕੀਤੇ ਕੀਰਤਨ-ਰਾਗ ਤੇ ਸੰਗੀਤ ਨਾਲ ਸਜਾਏ ਤੇ ਸਵਾਰੇ ਕੈਸਟ ਤਾਂ ਮੇਰੇ ਵਰਗੇ ਕਈ ਗੁਰਬਾਣੀ ਤੋਂ ਅਣਜਾਣਿਆਂ ਨੂੰ ਗੁਰਬਾਣੀ ਦੇ ਨਾਲ ਜੋੜ ਦੇਂਦੇ ਹਨ। ਆਪ ਜੀ ਗੁਰਬਾਣੀ ਦੇ ਬਗੀਚੇ ਦੇ ਸੋਹਣੇ ਫੁੱਲਾਂ ਦੀ ਖੁਸ਼ਬੋ ਚੌਫੇਰੇ ਵੰਡ ਰਹੇ ਹੋ। ਆਪ ਜੀ ਦੀ ਇਹ ਸੇਵਾ ਬੜੀ ਹੀ ਸ਼ਲਾਘਾਯੋਗ ਹੈ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਆਪ ਜੀ ਨੂੰ ਸੋਹਣੀ ਸਿਹਤ, ਲੰਮੀ ਆਯੂ ਤੇ ਬਲ ਬਖ਼ਸ਼ਣ ਤੇ ਆਪ ਜੀ ਦਾ ਇਹ ਸ਼ੁਭ ਮਿਸ਼ਨ ਸਦਾ ਚੜ੍ਹਦੀਆਂ ਕਲਾ ਮਾਣੇ।

—ਟੀ. ਨਰਿੰਦਰਪਾਲ ਸਿੰਘ ਦਿੱਲੀ

★ ਫਰਵਰੀ ਮਹੀਨੇ ਦਾ ਅੰਮ੍ਰਿਤ ਕੀਰਤਨ ਪੜ੍ਹਿਆ। ਸਾਰੇ ਹੀ ਲੇਖ ਖੋਜ ਭਰਪੂਰ ਸਨ। ਲੇਖ ਬਹੁਤ ਪਸੰਦ ਆਏ। ਸ਼ਬਦ ਸੁਰ ਲਿਪੀ ਰਾਗ ਯਮਨ ਕਲਿਆਣ ਬਹੁਤ ਹੀ ਕਾਬਿਲੇ ਤਾਰੀਫ਼ ਸੀ।

—ਮੰਗਤ ਸਿੰਘ ਮਸਤਾਨਾ ਗੁਰਦੁਆਰਾ ਰੋਡ, ਮਲੋਟ

★ ਸੰਗੀਤ ਵਰਗੀ ਮਹਾਨ ਕਲਾ ਲਈ ਹਰ ਇਕ ਹਿਰਦੇ ਅੰਦਰ ਤੜਫ ਹੋਣਾ ਸੁਭਾਵਿਕ ਹੈ, ਪਰ ਇਸ ਦੀ ਪ੍ਰਾਪਤੀ ਦਾ ਰਸਤਾ ਕਈਆਂ ਨੂੰ ਸੁਖੈਨ ਹੀ ਮਿਲ ਜਾਂਦਾ ਹੈ ਤੇ ਕਈ ਘਰੇਲੂ ਤੇ ਹੋਰ ਮਜ਼ਬੂਰੀਆਂ ਕਾਰਨ ਇਸ ਤੋਂ ਖਾਲੀ ਹੀ ਰਹਿ ਜਾਂਦੇ ਹਨ। ਜਿਨ੍ਹਾਂ ਵਿਚੋਂ ਇਕ ਮੈਂ ਵੀ ਹਾਂ।

ਮੈਂ ਵਿਦੇਸ਼ (ਅਰਬ) ਵਿਚ ਰਹਿੰਦਾ ਹਾਂ, ਜਿੱਥੇ ਯੋਗ ਗੁਰੂ ਦਾ ਮਿਲਣਾ ਨਾ ਮੁਮਕਿਨ ਹੈ। ਇਕ ਮਿੱਤਰ ਪਾਸੋਂ ਹਰਮੋਨੀਅਮ ਸਿੱਖ ਰਿਹਾ ਹਾਂ, ਪਰ ਉਸ ਨੂੰ ਵੀ ਗਾਇਨ ਬਾਰੇ ਬਹੁਤਾ ਗਿਆਨ ਨਹੀਂ ਹੈ। ਆਪ ਜੀ ਇਸ ਪੀੜਾ ਨੂੰ ਸਮਝ ਸਕਦੇ ਹੋ। ਬਿਨਾਂ ਸੁਰ ਗਿਆਨ ਦੇ ਸੰਗੀਤ ਅਧੂਰਾ ਰਹਿ ਜਾਂਦਾ ਹੈ। ਮੈਂ ਪਹਿਲਾਂ ਵੀ ਆਪ ਜੀ ਦੇ ਲੇਖ ਤੇ ਗੁਰਬਾਣੀ ਕੈਸਟਾਂ ਤੇ ਆਪ ਜੀ ਵੱਲੋਂ ਲਿਖੀਆਂ ਟਿੱਪਣੀਆਂ ਬੜੇ ਗਹੁ ਨਾਲ ਪੜ੍ਹਦਾ ਰਿਹਾ ਹਾਂ। ਹੁਣ ਅਜੀਤ ਅਖਬਾਰ ਵਿਚੋਂ ਅੰਮ੍ਰਿਤ ਕੀਰਤਨ ਰਸਾਲੇ ਬਾਰੇ ਵੀ ਜਾਣਕਾਰੀ ਮਿਲ ਗਈ ਹੈ। ਤੁਸੀਂ ਮੇਰੀ ਮੁਸ਼ਕਲ ਤੇ ਵਿਚਾਰ ਕਰਕੇ ਕੋਈ ਸਲਾਹ ਦਿਓ ਕਿ ਮੈਂ ਕੀ ਕਰਾਂ ?

# ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ

(ਪਿਛਲੇ ਅੰਕ ਤੋਂ ਅੱਗੇ) —ਡਾ. ਜਾਗੀਰ ਸਿੰਘ

ਅਸੀਂ ਵੇਖ ਚੁੱਕੇ ਹਾਂ ਕਿ ਗੁਰੂ ਕਾਵਿ ਦਾ ਅਨੁਭਵ ਇਕ ਵਿਲੱਖਣ ਕ੍ਰਿਸਮ ਦਾ ਅਨੁਭਵ ਹੈ। ਇਸ ਲਈ ਇਸ ਨੂੰ ਰਾਗ ਅਤੇ ਕਾਵਿ ਦੇ ਸੰਜੋਗ ਨਾਲ ਹੀ ਪ੍ਰਗਟ ਕੀਤਾ ਜਾ ਸਕਦਾ ਸੀ। ਗੁਰੂ ਕਵੀਆਂ ਨੇ ਆਪਣੇ ਅਨੁਭਵ ਦੀਆਂ ਵੱਖ-ਵੱਖ ਵੰਨਗੀਆਂ ਨੂੰ ਪ੍ਰਗਟ ਕਰਨ ਲਈ ਵੱਖਰੇ ਵੱਖਰੇ ਰਾਗਾਂ ਦੀ ਚੋਣ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੁੱਖ ਰਾਗਾਂ ਦੇ ਨਾਲ ਨਾਲ ਕਈ ਮਿਸ਼ਰਤ ਰਾਗਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇੱਕ ਰਾਗ ਅਧੀਨ ਆਈ ਬਾਣੀ ਦੇ ਕਾਵਿ ਅਨੁਭਵ ਦੀ ਵਿਸ਼ੇਸ਼ਤਾ ਵੇਖਣ ਲਈ ਉਸ ਵਿਚਲੇ ਭਾਵ, ਕਲਪਨਾ ਆਦਿ ਦਾ ਅਧਿਐਨ ਕਰਨਾ ਪੈਂਦਾ ਹੈ। ਮਨੁੱਖੀ ਮਨ ਜਾਂ ਆਤਮਾਂ ਵਿੱਚ ਵਰਤ ਰਹੀਆਂ ਘਟਨਾਵਾਂ ਤੋਂ ਅਨੁਭਵ ਦੀ ਵਿਸ਼ੇਸ਼ਤਾ ਉਜਾਗਰ ਹੁੰਦੀ ਹੈ। "ਇਸ ਵਿਚ ਭਾਵਕ, ਬੌਧਿਕ, ਕਾਲਪਨਿਕ ਸਭ ਤਰ੍ਹਾਂ ਦੀਆਂ ਘਟਨਾਵਾਂ ਸ਼ਾਮਲ ਹਨ। ਬਿੰਬਾਂ ਦੀ ਵਰਤੋਂ ਵੇਲੇ ਕਵੀ ਬਾਹਰਲੇ ਜਗਤ ਦੀ ਟੁੰਬ ਨਾਲ ਪੈਦਾ ਹੋਏ ਆਪਣੇ ਅੰਦਰਲੇ ਅਨੁਭਵ ਨੂੰ ਪ੍ਰਗਟ ਕਰਦਾ ਹੈ। ਰਹੱਸਵਾਦੀ ਕਵਿਤਾ ਵਿਚ ਆਤਮਕ ਅਨੁਭਵਾਂ ਨੂੰ ਬਿੰਬਾਂ ਦੀ ਸਹਾਇਤਾ ਨਾਲ ਅੰਦਰੋਂ ਬਾਹਰ ਲਿਆਂਦਾ ਜਾਂਦਾ ਹੈ।[1] ਇਸ ਲਈ ਅਸੀਂ ਇਕ ਰਾਗ ਅਧੀਨ ਆਈ ਬਾਣੀ ਦੇ ਬਿੰਬਾਂ ਉਪਰ ਧਿਆਨ ਕੇਂਦਰਤਿ ਕਰਕੇ ਉਸ ਦੇ ਅਨੁਭਵ ਨੂੰ ਪਛਾਣਨ ਦਾ ਯਤਨ ਕਰਾਂਗੇ ਅਤੇ ਫੇਰ ਨਾਲ ਹੀ ਉਸ ਅਨੁਭਵ ਅਤੇ ਉਸ ਰਾਗ ਦੇ ਸੰਬੰਧ ਦਾ ਅਧਿਐਨ ਕਰਾਂਗੇ। ਇਸ ਪ੍ਰਯੋਜਨ ਲਈ 31 ਰਾਗਾਂ ਦੀ ਤਰਤੀਬ ਅਨੁਸਾਰ ਅਧਿਐਨ ਕਰਨਾ ਉਚਿਤ ਹੈ।

ਸਿਰੀ ਰਾਗ :— ਸਿਰੀ ਰਾਗ ਦੀ ਬਾਣੀ ਵਿੱਚ ਮੁੱਖ ਭਾਵ ਮਾਇਆ ਦੀ ਸ਼ਕਤੀ ਨੂੰ ਬਿਆਨ ਕਰਕੇ ਫਿਰ ਉਸ ਦੀ ਵਿਅਰਥਤਾ ਨੂੰ ਦਰਸਾਉਂਦਾ ਹੈ। ਇਸ ਰਾਗ ਦੇ ਪਹਿਲੇ ਸ਼ਬਦ[2] ਵਿਚ ਜਿਹਨਾਂ ਬਿੰਬਾਂ ਦਾ ਪ੍ਰਯੋਗ ਹੋਇਆ ਹੈ ਉਹਨਾਂ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਭਾਵੇਂ ਕਿਸੇ ਖੇਤਰ ਵਿਚ ਮਾਇਆ-ਸੰਸਾਰ ਦੀ ਉੱਤਮ ਪ੍ਰਾਪਤੀ ਕਰ ਲਵੇ, ਉਹ ਰੱਬੀ ਸੰਸਾਰ ਦੀ ਪ੍ਰਾਪਤੀ ਅੱਗੇ ਹੇਚ ਹੈ। ਇਥੇ ਮੋਤੀ, ਰਤਨ, ਹੀਰੇ, ਲਾਲ, ਕਸਤੂਰੀ, ਅਗਰ, ਚੰਦਨ, ਮੋਹਨੀ, ਇਸਤਰੀ, ਜੜਾਉ, ਪਲੰਘ, ਰਿਧੀਆਂ ਸਿਧੀਆਂ ਦਾ ਧਾਰਨੀ, ਗੁਪਤ ਪ੍ਰਗਟ ਸ਼ਕਤੀਆਂ ਦਾ ਮਾਲਕ, ਸਿੱਧ ਅਤੇ ਲਸ਼ਕਰਾਂ ਵਾਲਾ ਸੁਲਤਾਨ। ਇਹ ਸਭ ਮਾਇਆ ਸੰਸਾਰ ਦੀਆਂ ਪ੍ਰਾਪਤੀਆਂ ਹਨ, ਪਰ ਇੱਥੇ ਨਾਲ ਹੀ ਇਹਨਾਂ ਦਾ ਖੰਡਨ ਅਤੇ ਨਾਮ ਦੀ ਪ੍ਰਾਪਤੀ ਦੀ ਦਾਤ ਮੰਗੀ ਹੈ। ਇਸ ਰਾਗ ਦੀ ਹੋਰ ਬਾਣੀ ਵਿਚ ਵੀ ਅਜਿਹੇ ਭਾਵ ਪ੍ਰਤਿਨਿਧ ਹਨ :

ਰਸੁ ਸੁਇਨਾ ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ ।
ਰਸੁ ਘੋੜੇ ਰਸੁ ਸੇਜਾ ਮੰਦਰ, ਰਸੁ ਮੀਠਾ ਰਸੁ ਮਾਸੁ ।
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ।[3]

— 0 —

ਚੰਦਨ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ।
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰ ।
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ।[4]

— 0 —

ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ ।
ਬਿਨੁ ਸਤਿਗੁਰ ਸੁਖੁ ਨ ਪਾਵਹੀ ਫਿਰਿ ਫਿਰਿ ਜੋਨੀ ਪਾਹਿ ।[5]

ਇਸੇ ਤਰ੍ਹਾਂ ਹੀ ਕਈ ਸ਼ਬਦਾਂ ਵਿਚ ਮਹਿਲ, ਕਿਲੇ, ਘੋੜੇ, ਹਾਥੀ, ਲਸ਼ਕਰ[6], ਰਾਜ ਮਿਲਖ[7], ਛਤ੍ਰਧਾਰੀ ਬਾਦਸ਼ਾਹੀਆਂ[8] ਅਤੇ ਸੁਇਨਾ, ਰੂਪਾ, ਧਨ ਦੌਲਤ[9] ਆਦਿ ਦਾ ਖੰਡਨ ਕਰਦਿਆਂ ਪ੍ਰਭੂ ਮਾਰਗ ਦਾ ਜੀਵਨ ਜਿਉਣ ਦੀ ਪ੍ਰੇਰਣਾ ਦਿੱਤੀ ਹੈ। ਇਸ ਰਾਗ ਦੀ ਬਾਣੀ ਵਿਚ ਮਾਇਆ ਦੀ ਅੱਗ ਤੋਂ ਬਚ ਕੇ ਬਾਣੀ ਦੇ ਨਿਰਮਲ ਗਿਆਨ ਵਿਚ ਵਿਚਰਨ ਦਾ ਉਪਦੇਸ਼ ਦਿੱਤਾ ਗਿਆ ਹੈ।

ਇਸ ਰਾਗ ਦੀ ਬਾਣੀ ਵਿਚ ਤਿਆਗ ਦਾ ਭਾਵ ਛਾਇਆ ਰਹਿੰਦਾ ਹੈ। ਤਿਆਗ ਦੇ ਇਹਨਾਂ ਭਾਵਾਂ ਨੂੰ ਪ੍ਰਗਟ ਕਰਨ ਲਈ ਸਿਰੀ ਰਾਗ ਬੜਾ ਢੁੱਕਵਾਂ ਰਾਗ ਹੈ। ਇਸ ਦੇ ਸੁਰ ਪ੍ਰਬੰਧ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਕੋਮਲ ਰੂਪ ਵਿਚ ਪ੍ਰਯੋਗ ਕੀਤੇ ਜਾਂਦੇ ਹਨ। ਸੰਗੀਤ ਆਚਾਰੀਆ ਦਸਦੇ ਹਨ ਕਿ ਜਿਹਨਾਂ ਰਾਗਾਂ ਵਿਚ ਇਹ ਸੁਰ ਪ੍ਰਯੋਗ ਹੋਣ ਉਹ ਰਾਗ ਸ਼ਾਂਤ ਅਤੇ ਕਰੁਣਾ ਭਾਵਾਂ ਨੂੰ ਪ੍ਰਗਟ ਕਰਨ ਲਈ ਬੜੇ ਢੁੱਕਵੇਂ ਹੁੰਦੇ ਹਨ।[10] ਕਈ ਵਿਦਵਾਨ ਦਸਦੇ ਹਨ ਕਿ ਸਿਰੀ ਰਾਗ ਨੂੰ ਜੇਠ-ਹਾੜ੍ਹ, ਅਤੇ ਮਾਘ-ਫੱਗਣ ਦੇ ਮਹੀਨੇ ਵਿਚ ਤਪਸਵੀ ਲੋਕ ਬਨਾਂ ਵਿਚ ਗਾਉਂਦੇ ਹਨ।[11] ਇਸ ਰਾਗ ਦੀ ਬਾਣੀ ਵਿਚ ਕਿਤੇ ਕਿਤੇ ਸ਼ਿੰਗਾਰਕ ਭਾਵਾਂ ਦੀ ਝਲਕ ਪੈਂਦੀ ਹੈ। ਪਰ ਇਹਨਾਂ ਭਾਵਾਂ ਵਿਚ ਵੀ ਵਿਯੋਗ ਪ੍ਰਧਾਨ ਹੈ, ਜਿਵੇਂ :—

ਨਿਸ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ।
ਅੰਕ ਜਲਉ ਤਨੁ ਜਾਲੀਅਉ ਮਨ ਧਨੁ ਜਲਿ ਬਲਿ ਜਾਇ ।
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ।[12]

ਇਹ ਭਾਵ ਵੀ ਸਿਰੀ ਰਾਗ ਵਿਚ ਬੜੇ ਢੁੱਕਵੇਂ ਰੂਪ ਵਿਚ ਪ੍ਰਗਟ ਹੋ ਸਕਦੇ ਹਨ, ਕਿਉਂਕਿ ਸਿਰੀ ਰਾਗ ਵਿਚ ਲੱਗਣ ਵਾਲਾ ਤੀਬਰ ਮਧਮ ਭਾਵੇਂ ਸ਼ਿੰਗਾਰਕ ਭਾਵਾਂ ਦੇ ਅਨੁਕੂਲ ਹੈ ਪਰ ਇਸ ਵਿਚ ਕੋਮਲ ਰਿਸ਼ਭ ਅਤੇ ਗੰਧਾਰ ਦਾ ਪ੍ਰਭਾਵ ਜ਼ਿਆਦਾ ਹੈ, ਜਿਸ ਨਾਲ ਤੀਬਰ ਮਧਮ ਦਾ ਪ੍ਰਭਾਵ ਕਮਜ਼ੋਰ ਪੈ ਜਾਂਦਾ ਹੈ ਅਤੇ

ਇਸ ਤਰ੍ਹਾਂ ਇਸ ਰਾਗ ਵਿਚ ਪ੍ਰਕ੍ਰਿਤੀ ਸ਼ਾਂਤ ਅਤੇ ਕਰੁਣ ਹੀ ਬਣੀ ਰਹਿੰਦੀ ਹੈ। ਸੋ ਭਾਵੇਂ ਕਿਤੇ ਕਿਤੇ ਇਸ ਰਾਗ ਦੀ ਬਾਣੀ ਵਿਚ ਕੁਝ ਹੋਰ ਭਾਵ ਵੀ ਝਲਕਦੇ ਹਨ ਪਰ ਸਮੁੱਚੇ ਰੂਪ ਵਿਚ ਬਾਣੀ ਸ਼ਾਂਤ ਅਤੇ ਕਰੁਣ ਦੇ ਭਾਵਾਂ ਨੂੰ ਪ੍ਰਗਟ ਕਰਦੀ ਹੈ।

ਰਾਗ ਮਾਝ : ਮਾਝ ਰਾਗ ਵਿੱਚ ਕੇਵਲ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਦਰਜ਼ ਹੈ। ਡਾਕਟਰ ਤਾਰਨ ਸਿੰਘ ਅਨੁਸਾਰ "ਇਹ ਪੰਜਾਬ ਦੇ ਮਾਝੇ ਇਲਾਕੇ ਦੀ ਸਥਾਨਕ ਦੇਸੀ ਰਾਗਣੀ ਹੈ ਜੋ ਦੁਪਹਿਰ ਤੋਂ ਪਿੱਛੋਂ ਗਾਈ ਜਾਂਦੀ ਹੈ।... ਭਗਤਾਂ ਦੀ ਇਸ ਰਾਗ ਵਿਚ ਕੋਈ ਬਾਣੀ ਨਹੀਂ ਕਿਉਂਕਿ ਇਹ ਪੰਜਾਬ ਦਾ ਸਥਾਨਕ ਰਾਗ ਹੈ।[13]

ਇਸ ਰਾਗ ਵਿਚ ਗੁਰੂ ਸਾਹਿਬਾਨ ਨੇ ਪ੍ਰਭੂ ਮਿਲਾਪ ਲਈ ਤੀਬਰ ਇੱਛਾ ਅਤੇ ਸਥਾਨਕ ਭੈੜੀਆਂ ਕੀਮਤਾਂ ਦਾ ਵਿਰੋਧ ਕਰਨ ਵਾਲੇ ਭਾਵਾਂ ਦਾ ਪ੍ਰਗਟਾਵਾ ਕੀਤਾ ਹੈ।

ਪ੍ਰਭੂ ਮਿਲਾਪ ਦੀ ਖੁਸ਼ੀ ਦੇ ਭਾਵਾਂ ਦਾ ਬਿਆਨ ਕਰਦਿਆਂ ਮੀਂਹ ਦਾ ਪ੍ਰਤੀਕ ਵਧੇਰੇ ਪ੍ਰਯੋਗ ਕੀਤਾ ਗਿਆ ਹੈ :—

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।[14]

—0—

ਹੁਕਮੀ ਵਰਸਣ ਲਾਗੇ ਮੇਹਾ।[15]

—0—

ਭਏ ਕ੍ਰਿਪਾਲ ਗੋਵਿੰਦ ਗੁਸਾਈਂ।
ਮੇਘ ਵਰਸੈ ਸਭਨੀ ਥਾਈਂ।[16]

—0—

ਮਹਿ ਪਾਇਆ ਪਰਮੇਸਰਿ ਪਾਇਆ
ਜੀਅ ਜੰਤ ਸਭਿ ਸੁਖੀ ਵਸਾਇਆ।[17]

—0—

ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ।
ਜਲਿ ਥਲਿ ਮਹੀਅਲਿ ਦਹਦਿਸਿ ਵਰਸਾਇਆ।
ਸਾਂਤਿ ਭਈ ਬੁਝੀ ਸਭ ਤ੍ਰਿਸਨਾ
ਅਨਦੁ ਭਇਆ ਸਭ ਠਾਈ ਜੀਉ।[18]

ਅਜਿਹੇ ਭਾਵਾਂ ਦਾ ਪ੍ਰਗਟਾਵਾ ਵੀ ਉਸੇ ਇਲਾਕੇ ਦੇ ਰਾਗ ਵਿਚ ਢੁੱਕਵਾਂ ਹੋ ਸਕਦਾ ਸੀ ਜਿਸ ਇਲਾਕੇ ਦੇ ਲੋਕ ਮੀਂਹ ਵਿਚ ਤੀਬਰ ਇੱਛਾ ਰੱਖਦੇ ਹਨ। ਮਾਝ ਰਾਗ ਜਿੱਥੇ ਪੰਜਾਬ ਦਾ ਸਥਾਨਕ ਰਾਗ ਹੈ. ਉਥੇ ਇਸ ਰਾਗ ਨੂੰ ਵਰਖਾ ਰੁੱਤ ਨਾਲ ਵੀ ਸੰਬੰਧਤ ਕੀਤਾ ਗਿਆ ਹੈ।[19] ਇਸੇ ਲਈ ਜਿਥੇ ਇਸ ਰਾਗ ਵਿਚ ਮੀਂਹ ਦੇ

ਅਲੰਕਾਰ ਵਰਤੇ ਹਨ ਉਥੇ ਇਸ ਰਾਗ ਦੀ ਬਾਣੀ ਵਿਚ 'ਚਾਤ੍ਰਿਕ', 'ਬੂੰਦ' ਅਤੇ 'ਜਲ' ਦੇ ਬਿੰਬਾਂ ਦਾ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕੀਤਾ ਗਿਆ ਹੈ :–

ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ ।
ਹਰਿ ਹਰਿ ਨਾਮੁ ਬੂੰਦ ਮੁਖਿ ਪਾਈ ।
ਹਰਿ ਜਲਨਿਧਿ ਹਮ ਜਲ ਕੇ ਮੀਨੇ ।
ਜਨ ਨਾਨਕ ਜਲ ਬਿਨੁ ਮਰੀਐ ਜੀਉ ।[20]

—0—

ਤੂ ਜਲਨਿਧ ਹਮ ਮੀਨ ਤੁਮਾਰੇ ।
ਤੇਰਾ ਨਾਮ ਬੂੰਦ ਹਮ ਚਾਤ੍ਰਿਕ ਤਿਖਹਾਰੇ ।
ਤੁਮਰੀ ਆਸ ਪਿਆਸਾ ਤੁਮਰੀ
ਤੁਮ ਹੀ ਸੰਗਿ ਮਨ ਲੀਨਾ ਜੀਉ ।
ਤ੍ਰਿਖਾਵੰਤਿ ਜਲੁ ਪਵਿਤ ਠੰਡਾ
ਤਿਉ ਹਰਿ ਸੰਗਿ ਇਹੁ ਮਨ ਭੀਨਾ ਜੀਉ ।[21]

— 0 —

ਮੇਰਾ ਮਨ ਲੋਚੈ ਗੁਰਦਰਸਨ ਤਾਈ ।
ਬਿਲਪ ਕਰੈ ਚਾਤ੍ਰਿਕ ਕੀ ਨਿਆਈ ।[22]

ਮਾਝ ਰਾਗ ਦੀ ਬਾਣੀ ਵਿਚ ਸ਼ਿੰਗਾਰਕ ਭਾਵ ਵੀ ਪ੍ਰਗਟ ਹੋਏ ਹਨ । ਗੁਰੂ ਨਾਨਕ[23], ਗੁਰੂ ਰਾਮਦਾਸ[24] ਅਤੇ ਗੁਰੂ ਅਰਜਨ ਦੇਵ ਜੀ[25] ਰਚਿਤ ਕਈ ਪਦਿਆਂ ਵਿਚ ਸ਼ਿੰਗਾਰ ਦੇ ਖਾਸ ਕਰਕੇ ਵਿਯੋਗ ਨਾਲ ਸੰਬੰਧਤ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ । ਇਹਨਾਂ ਭਾਵਾਂ ਨੂੰ ਪ੍ਰਗਟਾਉਣ ਲਈ ਵੀ ਮਾਝ ਰਾਗ ਇਕ ਢੁੱਕਵਾਂ ਰਾਗ ਹੈ, ਕਿਉਂਕਿ ਇਸ ਰਾਗ ਵਿਚ ਰਿਸ਼ਭ ਸਥਾਈ ਸੁਰ ਹੈ ਅਤੇ ਜਿਹਨਾਂ ਰਾਗਾਂ ਵਿਚ ਰਿਸ਼ਭ ਅਤੇ ਧੈਵਤ ਸੁਰ ਸ਼ੁੱਧ ਰੂਪ ਵਿਚ ਪ੍ਰਯੋਗ ਹੋਣ ਉਹ ਰਾਗ ਭਾਤ-ਖੰਡੇ ਅਨੁਸਾਰ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਹੁੰਦੇ ਹਨ । ਇਸ ਰਾਗ ਵਿਚ ਰਚੀ ਵਾਰ ਅੰਦਰ ਬੀਰਤਾ ਦੇ ਭਾਵ ਉਜਾਗਰ ਹੋਏ ਹਨ । ਇਹ ਰਾਗ ਇਹਨਾਂ ਭਾਵਾਂ ਨੂੰ ਵੀ ਸਫਲਤਾ ਨਾਲ ਪ੍ਰਗਟ ਕਰਦਾ ਹੈ ਕਿਉਂਕਿ ਨਾਟ ਸ਼ਾਸਤਰ ਵਿਚ ਲਿਖਿਆ ਹੈ, "ਜਿਹਨਾਂ ਰਾਗਾਂ ਵਿਚ ਰਿਸ਼ਭ ਵਾਦੀ ਸੁਰ ਹੋਵੇ ਉਹ ਰਾਗ ਵੀਰ, ਰੋਦਰ ਅਤੇ ਅਦਭੁੱਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੁੰਦੇ ਹਨ ।"[26]

ਸੋ ਇਸ ਰਾਗ ਦੀ ਬਾਣੀ ਜਿੱਥੇ ਕਿਸੇ ਇਕ ਭਾਵ ਦੀ ਥਾਂ ਸ਼ਿੰਗਾਰ ਵਿਯੋਗ ਵੀਰ ਆਦਿ ਭਾਵਾਂ ਨੂੰ ਪ੍ਰਗਟ ਕਰਦੀ ਹੈ ਉਥੇ ਇਸ ਵਿਚ ਇਹਨਾਂ ਭਾਵਾਂ ਦਾ ਗਾਇਨ ਕਰਨ ਲਈ ਉਸ ਰਾਗ ਦਾ ਪ੍ਰਯੋਗ ਹੋਇਆ ਹੈ ਜੋ ਇਹਨਾਂ ਭਾਵਾਂ ਦਾ ਸਫਲਤਾ ਪੂਰਨ ਪ੍ਰਗਟਾਵਾ ਕਰ ਸਕਦਾ ਹੈ । (ਚਲਦਾ)

## ਫੁਟ ਨੋਟ ਤੇ ਹਵਾਲੇ

1. ਪ੍ਰੋ. ਰਾਮ ਸਿੰਘ, ਗੁਰੂ ਨਾਨਕ ਦੀ ਸੁਹਜ ਕਲਾ, ਪੰਨਾ 16
2. ਗੁਰੂ ਨਾਨਕ ਆਦਿ ਗ੍ਰੰਥ ਪੰਨਾ 14
3. ਉਹੀ ਪੰਨਾ 15
4. ਉਹੀ ਪੰਨਾ 19
5. ਉਹੀ ਪੰਨਾ 26
6. ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ।
ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ।
ਕਿਸਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ । ਆਦਿ ਗ੍ਰੰਥ, ਪੰਨਾ 63
7. ਰਾਜ ਮਿਲਕ ਸਿਕਦਾਰੀਆ ਰਸ ਭੋਗਣ ਵਿਸਥਾਰ ।
ਬਾਗ ਸੁਹਾਵੇ ਸੋਹਣੇ ਚਲੇ ਹੁਕਮੁ ਅਫਾਰ । ਆਦਿ ਗ੍ਰੰਥ ਪੰਨਾ 70
8. ਮਨ ਬਿਲਾਸੁ ਬਹੁ ਰੰਗ ਘਣਾ ਦ੍ਰਿਸ਼ਟਿ ਭੂਲਿ ਖੁਸੀਆ ।
ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ, ਆਦਿ ਗ੍ਰੰਥ । ਪੰਨਾ 42
9. ਸੁਇਨਾ ਰੁਪਾ ਸੰਚੀਐ ਮਾਲ ਜਾਲ ਜੰਜਾਲੁ ।
ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ, ਆਦਿ ਗ੍ਰੰਥ । ਪੰਨਾ 63
10. ਭਾਤ ਖੰਡੇ, ਕ੍ਰਮਕ ਪੁਸਤਕ ਮਲਿਕਾ, (ਪਾਂਚਵੀਂ ਪੁਸਤਕ) ਪੰਨਾ 37
11. ਡਾ. ਚਰਨ ਸਿੰਘ, ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ,
(ਭਾਗ ਚੌਥਾ) ਪੰਨਾ 18
12. ਗੁਰੂ ਨਾਨਕ, ਆਦਿ ਗ੍ਰੰਥ ਪੰਨਾ 54
13. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ ਪੰਨਾ 72
14. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 102
15. ਉਹੀ— ਪੰਨਾ 104
16. ਉਹੀ — ਪੰਨਾ 105
17. ਉਹੀ — ਪੰਨਾ 105
18. ਉਹੀ — ਪੰਨਾ 106
19. ਪ੍ਰੋ. ਜੀ. ਐਸ. ਟੰਡਨ, 'ਆਦਿ ਗ੍ਰੰਥ ਵਿਚ ਸੰਗੀਤ'
ਗੁਰਮਤਿ ਕਾਵਿ, ਭਾਸ਼ਾ ਵਿਭਾਗ ਪੰਨਾ 91-102
20. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ ਪੰਨਾ 95
21. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 100
22. ਉਹੀ— ਪੰਨਾ 96
23. ਆਦਿ ਗ੍ਰੰਥ ਪੰਨਾ 109
24. ਉਹੀ— ਪੰਨਾ 94
25. ਉਹੀ— ਪੰਨਾ 96
26. ਭਾਤ ਖੰਡੇ, ਕ੍ਰਮਕ ਪੁਸਤਕ ਮਲਿਕਾ (ਪਾਂਚਵੀ ਪੁਸਤਕ) ਪੰਨਾ 37

# ਤਬਲੇ ਦੀ ਤਾਰੀਖ

ਬਲਬੀਰ ਸਿੰਘ ਕੰਵਲ

ਇੱਕ ਖੜੱਕਾ, ਦੁੱਕੜ ਵੱਜੇ, ਨਾਲੇ ਤਪੇ ਚੁਲ੍ਹਾ
ਜਿਥੇ ਮੇਰਾ ਅੱਲਾ ਰਾਜ਼ੀ, ਓਥੇ ਰਾਜ਼ੀ ਬੁਲ੍ਹਾ।'

ਇਸ ਸ਼ਿਅਰ ਰਾਹੀਂ, ਬਾਬਾ ਬੁਲ੍ਹੇ ਸ਼ਾਹ (1680-1764 ਈ:) ਪੰਜਾਬ ਦੇ ਸਭਿ-ਆਚਾਰ ਦੀ ਬੜੀ ਖ਼ੂਬਸੂਰਤ ਮੂਰਤ ਖਿੱਚ ਜਾਂਦੇ ਹਨ ਕਿ ਇਹ ਉਹ ਖ਼ਿੱਤਾ ਹੈ ਜਿਸ ਥਾਂ ਨਿੱਤ-ਦਿਹਾੜੇ ਇੱਟ ਖੜੱਕਾ ਅਤੇ ਤਬਲਾ ਵੱਜਦਾ ਰਹਿੰਦਾ ਹੈ। ਭੂਗੋਲਿਕ ਤੌਰ ਤੇ, ਪੰਜਾਬ ਦੀ ਸਥਿਤੀ ਹੀ ਕੁਝ ਅਜਿਹੀ ਹੈ ਜਿਥੇ ਸਮੇਂ ਸਮੇਂ ਸਿਰ ਧਾੜਵੀ ਆਉਂਦੇ ਰਹੇ, ਢੋਲ ਢਮੱਕਿਆਂ ਨਾਲ ਗੱਜ ਵੱਜ ਕੇ ਲੜਾਈਆਂ ਹੁੰਦੀਆਂ ਰਹੀਆਂ, ਜਿਸ ਕਰਕੇ ਪੰਜਾਬੀਆਂ ਦਾ ਨਗਾਰਿਆਂ, ਢੋਲਾਂ-ਢੋਲਕੀਆਂ ਨਾਲ ਖਾਸ ਤੇਹ ਰਿਹਾ ਹੈ। ਦਸਵੇਂ ਪਾਤਸ਼ਾਹ 'ਚੰਡੀ ਦੀ ਵਾਰ' ਵਿਚ ਇਸ ਪ੍ਰਕਾਰ ਫ਼ੁਰਮਾਉਂਦੇ ਹਨ: 'ਢੋਲ ਨਗਾਰੇ ਪਾਉਣ ਦੇ ਉਂਘਣ ਜਾਣ ਜਟਾਵਲੇ।' ਢੋਲ ਦਾ ਇਕ ਰਿਸ਼ਤੇਦਾਰ ਤਬਲਾ (ਅਰਬ ਦੇਸ਼ਾਂ ਦੇ ਇਕ ਸਾਜ਼ ਤਬਲ ਤੋਂ ਇੰਝ ਨਾਂ ਪੈ ਗਿਆ) ਹੈ ਜਿਹੜਾ ਮਿਰਦੰਗ ਦਾ ਕੱਟਿਆ ਹੋਇਆ ਰੂਪ ਹੈ। ਮੁਗਲਾਂ ਸਮੇਂ ਮਿਰਦੰਗ ਨੂੰ ਪਖਾਵਜ ਕਹਿਣ ਲੱਗ ਪਏ ਸਨ। ਤਬਲੇ ਦੇ ਦੂਜੇ ਰਿਸ਼ਤੇਦਾਰਾਂ ਅਤੇ ਰਿਸ਼ਤੇਦਾਰਨੀਆਂ ਵਿਚੋਂ ਕੁਝ ਹੋਰ ਨਾਂ ਇਹ ਹਨ: ਧੌਂਸਾ ਅਤੇ ਨਉਬਤ (ਜਿਹੜੇ ਕੁਝ ਵਧੇਰੇ ਭਾਰੇ ਹੋਣ ਕਰਕੇ ਊਂਠਾਂ ਘੋੜਿਆਂ ਆਦਿ ਤੇ ਲੱਦ ਕੇ ਵੀ ਵਜਾਏ ਜਾਂਦੇ ਰਹੇ) ਤਾਸ਼ਾ, ਖੰਜਰੀ, ਮੰਦਲ, ਡਫ ਜਾਂ ਡਫਲੀ ਡੌਰੂ ਅਤੇ ਟਮਕਨਾਰੀ ਆਦਿ।

ਇਨ੍ਹਾਂ ਵਿਚੋਂ ਡਫ, ਖੰਜਰੀ, ਡੁਗਡੁਗੀ, ਡੌਰੂ ਅਤੇ ਢਮਕੂ ਆਦਿ ਤਾਂ ਸਾਡੇ ਅਵਾਸੀ ਸਾਜ਼ ਹਨ, ਜਿਹੜੇ ਪਿਛਲੀਆਂ ਕਈ ਸੁੱਤੀਆਂ ਸਦੀਆਂ ਤੋਂ ਲੋਕ ਗੀਤਾਂ ਨਾਲ ਜਾਂ ਜੁਦੇ ਵਜਦੇ ਚਲੇ ਆ ਰਹੇ ਹਨ, ਪਰ ਮਿਰਦੰਗ, ਢੋਲਕੀ ਜਾਂ ਤਬਲਾ ਸਾਡੇ ਸ਼ਾਸਤ੍ਰੀਯ ਸਾਜ਼ ਹਨ, ਜਿਹੜੇ ਕਲਾਸੀਕਲ ਸੰਗੀਤ ਤੋਂ ਛੁੱਟ ਹਲਕੇ-ਫੁਲਕੇ ਗਾਣਿਆਂ ਨਾਲ ਵੀ ਵਜਾਏ ਜਾਂਦੇ ਹਨ। ਤਬਲਾ ਅਰਬੀ ਦੇ ਇਕ ਸ਼ਬਦ 'ਤਬਲ' ਤੋਂ ਬਣਿਆ, ਜਿਸ ਦਾ ਭਾਵ ਵੱਡਾ ਢੋਲ ਹੈ। ਸੱਜੇ ਹੱਥ ਨਾਲ ਵਜਾਉਣ ਵਾਲੇ ਭਾਗ ਨੂੰ 'ਤਬਲਾ' ਜਾਂ 'ਦਾਇਆਂ' ਅਤੇ ਖੱਬੇ ਹੱਥ ਨਾਲ ਵਜਾਉਣ ਵਾਲੇ ਭਾਗ ਨੂੰ 'ਡੁੱਗੀ' 'ਧਾਮਾ' ਜਾਂ ਬਾਇਆਂ' ਕਿਹਾ ਜਾਂਦਾ ਹੈ। ਇਹ ਤੀਵੀਂ ਆਦਮੀ ਵਾਲਾ ਹਿਸਾਬ ਹੈ। ਇਨ੍ਹਾਂ ਵਿਚੋਂ ਇਕ ਨਰ ਹੈ ਅਤੇ ਦੂਜਾ ਮਾਦਾ। ਇਨ੍ਹਾਂ ਵਿਚੋਂ ਇਕ ਹਿੱਸੇ ਦੀ ਆਵਾਜ਼ ਜਦ ਕਿ ਟੁਣਟੁਣਾਉਂਦੀ ਹੁੰਦੀ ਹੈ, ਦੂਜੇ ਦੀ ਆਪਣੇ ਵੱਡੇ ਘੇਰੇ ਪੇਟੇ ਕਰਕੇ ਵੀ ਬੜੀ ਗੰਭੀਰ ਅਤੇ ਗੂੰਜਦਾਰ ਹੁੰਦੀ ਹੈ। ਪੰਜਾਬੀ ਵਿਚ ਤਬਲੇ ਨੂੰ 'ਜੋੜੀ' ਵੀ ਆਖਿਆ ਜਾਂਦਾ ਹੈ। ਪ੍ਰਸਿੱਧ ਅਖਾਣ ਹੈ, 'ਜੋੜੀਆਂ ਜੱਗ ਥੋੜ੍ਹੀਆਂ ਤੇ ਨਰੜ ਬਥੇਰੇ।'

ਪਿਛਲੀ ਸਦੀ ਵਿਚ ਐਮਲੀ ਐਡਨ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਵੀ ਕੁਝ ਮੁਲਾਕਾਤਾਂ ਕੀਤੀਆਂ ਅਤੇ ਪਿਛੋਂ ਜਿਸਨੇ ਪੰਜਾਬ ਦੇ ਕੁਝ ਰਾਜਿਆਂ ਮਹਾਰਾਜਿਆਂ

ਦੇ ਆਪਣੇ ਬੁਰਸ਼ ਨਾਲ ਖਾਕੇ ਵੀ ਖਿੱਚੇ, ਉਸ ਦੇ ਸੰਗ੍ਰਹਿ ਵਿਚ ਇੱਕ ਚਿੱਤਰ ਅਜਿਹਾ ਵੀ ਹੈ ਜਿਸ ਵਿਚ ਫੌਜੀ ਲਸ਼ਕਰ ਚੜ੍ਹਾਈ ਕਰਨ ਜਾ ਰਿਹਾ ਹੈ ਅਤੇ ਸਭ ਤੋਂ ਮੋਹਰੇ ਇਕ ਢੋਲ ਵਾਲਾ ਹੈ। ਢੋਲ ਨੂੰ ਜਿਥੇ ਜੰਗ ਦੇ ਮੈਦਾਨ ਵਿਚ ਨੌਜਵਾਨਾਂ ਵਿਚ ਮਰਦਾਨਗੀ ਦਾ ਜਜ਼ਬਾ ਉਭਾਰਨ ਲਈ, ਉਥੇ ਇਸ ਦੀ ਛੋਟੀ ਸ਼ਕਲ ਢੋਲਕੀ ਨੂੰ ਸ਼ਾਦੀ ਗਮੀ ਦੇ ਸਮਿਆਂ ਤੇ ਵਰਤਿਆ ਜਾਂਦਾ ਰਿਹਾ ਹੈ।

ਸਿੱਖ ਰਾਜ ਦੇ ਦੌਰ ਦੀ ਇਕ ਪ੍ਰਸਿੱਧ ਘਟਨਾ ਹੈ ਕਿ ਲਾਹੌਰ ਦੀ ਪ੍ਰਸਿੱਧ ਗਾਇਕਾ ਮੋਰਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਇਹ ਬੋਲੀ ਮਾਰੀ ਕਿ ਉਸ ਨਾਲ ਤਬਲੇ ਤੇ ਸੰਗਤ ਕਿਹੜਾ ਸਿੱਖ ਕਰਿਆ ਕਰੇਗਾ ਤਾਂ ਉਸ ਨੇ ਅੰਮ੍ਰਿਤਸਰ ਦੇ ਨਾਈਆਂ ਦੇ ਇਕ ਲੜਕੇ ਮੱਜਾ ਸਿੰਘ (1798-1860 ਈ:) ਨੂੰ ਖੁਫੀਆ ਤੌਰ 'ਤੇ ਤਬਲੇ ਦੀ ਤਾਲੀਮ ਦਿਵਾਉਣੀ ਸ਼ੁਰੂ ਕਰ ਦਿੱਤੀ, ਜਿਨ੍ਹਾਂ ਦਾ ਘਰਾਣਾ ਪਿਛੋਂ ਪੰਜਾਬ ਦਾ ਇਕ ਬੜਾ ਪ੍ਰਸਿੱਧ ਤਬਲੇ ਦਾ ਘਰਾਣਾ ਮੰਨਿਆ ਗਿਆ, ਜਿਹੜਾ ਨਾਈਆਂ ਦਾ ਘਰਾਣਾ ਕਰਕੇ ਅਖਵਾਇਆ। ਪੰਜਾਬ ਦੇ ਤਬਲੇ ਦੇ ਇਸ ਘਰਾਣੇ ਅਤੇ ਮੀਆਂ ਕਾਦਰ ਬਖਸ਼ ਦੇ ਘਰਾਣੇ ਤੋਂ ਛੁੱਟ, ਦੇਸ਼ ਵਿਚ ਦਿੱਲੀ, ਲਖਨਊ, ਅਜਰਾੜਾ, ਫਰੁਖਾਬਾਦ ਅਤੇ ਬਨਾਰਸ ਤਬਲੇ ਦੇ ਹੋਰ ਪ੍ਰਸਿੱਧ ਘਰਾਣੇ ਹਨ।

ਤਬਲੇ ਦੀ ਸਹੀ ਜਨਮ ਤਰੀਕ ਬਾਰੇ ਪਰਪੱਕਤਾ ਨਾਲ ਭਾਵੇਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਮੁਸਲਮਾਨ ਤਾਰੀਖਦਾਨ ਇਸ ਸਾਜ਼ ਦੀ ਕਾਢ ਦਾ ਸਿਹਰਾ ਅਮੀਰ ਖੁਸਰੋ ਦੇ ਸਿਰ ਬੰਨ੍ਹਦੇ ਹਨ। ਕੁਝ ਉਸਤਾਦਾਂ ਦੇ ਖਿਆਲ ਅਨੁਸਾਰ ਮੁਹੰਮਦ ਸ਼ਾਹ ਰੰਗੀਲੇ ਦੇ ਦੌਰ ਵਿਚ ਇਸ ਨੂੰ ਦਿੱਲੀ ਦੇ ਇਕ ਸੁਧਾਰ ਖਾਂ ਢਾਡੀ (ਢਾਰੀ) ਨੇ ਬਣਾਇਆ, ਪਰ ਕੁਝ ਬੰਦੇ ਇਸ ਗੱਲ ਦੇ ਵੀ ਹਾਮੀ ਹਨ ਕਿ ਇਹ ਸਾਜ਼ ਬਾਂਦਾ ਰਿਆਸਤ ਦੇ ਖੱਬੇ ਹੁਸੈਨ ਖਾਂ ਦੀ ਕਾਢ ਹੈ। ਤਬਲਾ ਦਿੱਲੀ ਤੋਂ ਤੁਰਿਆ, ਅਜਰਾੜੇ ਪੁੱਜਾ। ਜਦ ਅਸੀਂ ਦਿੱਲੀ ਘਰਾਣੇ ਦਾ ਜ਼ਿਕਰ ਕਰਦੇ ਹਾਂ ਤਾਂ ਮੋਟੇ ਠੁਲ੍ਹੇ ਰੂਪ 'ਚ ਇਸ ਨੂੰ ਕਸੂਰ ਆਖਣਾ ਹੀ ਉਚਿੱਤ ਹੋਵੇਗਾ ਕਿਉਂਕਿ ਬਹੁਤੇ ਉਸਤਾਦ ਲੋਕਾਂ ਦਾ ਮੱਤ ਹੈ ਕਿ ਦਿੱਲੀ ਘਰਾਣਾ ਅਸਲ ਵਿਚ ਕਸੂਰ ਘਰਾਣਾ ਹੀ ਹੈ ਕਿਉਂਕਿ ਏਥੋਂ ਦੇ ਬਹੁਤੇ ਕਲਾਕਾਰ, ਰੁਜ਼ਗਾਰ ਦੇ ਸਿਲਸਿਲੇ 'ਚ ਉਥੋਂ ਉਠ ਕੇ ਕਦੇ ਇਥੇ ਆਣ ਵਸੇ ਸਨ। ਉਥੋਂ ਦੇ ਉਸਤਾਦਾਂ ਨੇ ਇਸ ਵਿਚ ਮਾੜਾ ਪਤਲਾ ਵਾਧਾ ਕਰ ਦਿੱਤਾ। ਲਖਨਊ ਘਰਾਣੇ ਦੀਆਂ ਜੜ੍ਹਾਂ ਵਿਚ ਪੰਜਾਬ ਅੰਗ ਇਸ ਕਰਕੇ ਹੈ ਕਿ ਪਿਛਲੀ ਸਦੀ ਵਿਚ ਦਿੱਲੀ ਦੇ ਸੁਧਾਰ ਖਾਂ (ਜਿਹੜਾ ਇਕ ਪੰਜਾਬੀ ਹੀ ਸੀ) ਦੇ ਇਕ ਲੜਕੇ ਮੋਦੂ ਖਾਂ ਨੇ ਜਦ ਪੰਜਾਬ ਵਿਚ ਵਿਆਹ ਕਰਵਾਇਆ ਤਾਂ ਘੱਟੋ ਘੱਟ ਪੰਜ ਸੌ ਗਤਾਂ ਤਾਂ ਉਸ ਦੀ ਪਤਨੀ ਨੇ ਹੀ ਉਸ ਨੂੰ ਸਿਖਾ ਦਿੱਤੀਆਂ ਸਨ। ਅੱਗੋਂ ਬਨਾਰਸ ਦੇ ਤਬਲਾ ਘਰਾਣੇ ਦਾ ਮੋਢੀ ਰਾਮ ਸਹਾਏ ਏਸੇ ਮੋਦੂ ਖਾਂ ਦਾ ਹੀ ਸ਼ਾਗਿਰਦ ਬਣਿਆ। ਸੋ ਇਕ ਤਰ੍ਹਾਂ ਨਾਲ, ਬਨਾਰਸ ਘਰਾਣਾ ਵੀ, ਪੰਜਾਬ ਦੇ ਬੌਧਿਕ ਬੋਹੜ ਦੀ ਹੀ ਇਕ ਸ਼ਾਖਾ ਹੈ.. ਜਿਸ ਤੱਥ ਨੂੰ ਅਜੋਕੇ ਕੁਝ ਬਨਾਰਸੀਏ, ਖਾਸ ਕਰਕੇ ਪੰਡਿਤ ਕ੍ਰਿਸ਼ਨ ਮਹਾਰਾਜ ਵੀ ਮੰਨਦੇ ਹਨ। ਕਿਉਂਕਿ ਬਨਾਰਸ ਵਾਲਿਆਂ ਨੇ ਲਖਨਊ ਦੇ ਉਸਤਾਦਾਂ ਕੋਲੋਂ ਸਿੱਖਿਆ ਸੀ, ਇਸੇ ਕਰਕੇ ਹੀ ਇਨ੍ਹਾਂ ਦੋਹਾਂ ਬਾਜਾਂ ਵਿਚ ਕੋਈ ਬਹੁਤਾ ਅੰਤਰ ਨਹੀਂ।

ਫਰੁਖਾਬਾਦ ਘਰਾਣਾ ਇੰਝ ਹੋਂਦ ਵਿਚ ਆਇਆ ਕਿ ਸੁਧਾਰ ਖਾਂ ਦੇ ਪੋਤੇ ਬਖਸ਼ੂ ਖਾਂ ਅਤੇ ਮੌਦੂ ਖਾਂ ਦੋਵੇਂ ਲਖਨਊ ਆ ਗਏ। ਲਖਨਊ ਦਾ ਹਾਜੀ ਵਿਲਾਇਤ ਖਾਂ ਜਿਹੜਾ ਉਸਤਾਦ ਬਖਸ਼ੂ ਖਾਂ ਦਾ ਜਵਾਈ ਵੀ ਸੀ, ਉਸ ਤੋਂ ਤਬਲਾ ਸਿਖ ਕੇ, ਤਾਲੀਮ ਪੂਰੀ ਕਰਕੇ ਫਰੁਖਾਬਾਦ ਵਿਖੇ ਵੱਸ ਗਿਆ। ਹਾਜ਼ੀ ਵਿਲਾਇਤ ਖਾਂ ਦੀ ਸ਼ਾਦੀ ਦੇ ਮੌਕੇ ਤੇ ਉਸ ਦੇ ਉਸਤਾਦ ਅਤੇ ਸਹੁਰੇ ਬਖਸ਼ੂ ਖਾਂ ਨੇ ਉਸ ਨੂੰ ਤਬਲੇ ਦੇ ਬਾਰਾਂ 'ਕਾਇਦੇ' ਪ੍ਰਦਾਨ ਕੀਤੇ, ਜਿਹੜੇ ਹੁਣ ਤੱਕ 'ਦਾਜ ਦੇ ਕਾਇਦੇ' ਕਰਕੇ ਪ੍ਰਸਿੱਧ ਹਨ। ਅਜੋਕੇ ਉਸਤਾਦ ਮਸੀਤ ਖਾਂ ਅਤੇ ਗਿਆਨ ਘੋਸ਼ ਆਦਿ ਅਜਰਾੜਾ ਬਾਜ ਦੇ ਹੀ ਪ੍ਰਤੀਨਿਧ ਹਨ। ਇਸ ਘਰਾਣੇ ਨੇ ਵੀ ਤਬਲੇ ਦੀ ਬਾਜ ਸੰਬੰਧੀ ਥੋੜ੍ਹਾ ਬਹੁਤਾ ਵਾਧਾ ਕੀਤਾ। ਦਿੱਲੀ ਘਰਾਣੇ ਦਾ ਬਾਜ ਅਤਿਅੰਤ ਕੋਮਲ ਅਤੇ ਮਿੱਠਾ ਹੈ ਅਤੇ ਇਸ ਵਿਚ ਸੱਜੇ ਹੱਥ ਦਾ ਕੰਮ ਵਧੇਰੇ ਹੈ ਲਖਨਊ ਬਾਜ ਵਿਚ ਲੰਮੀਆਂ ਲੰਮੀਆਂ ਪਰਨਾਂ, ਚੱਕਰਦਾਰ ਗਤਾਂ ਅਤੇ ਤਿੰਨ ਪੱਲੀਆਂ ਵਧੇਰੇ ਵਜਦੀਆਂ ਹਨ। ਇਹ ਬਾਜ ਜ਼ਰਾ ਡੂੰਘਾ ਹੈ। ਅਜਰਾੜੇ ਦੇ ਬਾਜ ਵਿਚ ਮੋਹਰੇ, ਕਾਇਦੇ ਅਤੇ ਪੇਸ਼ਕਾਰੇ ਸਭ ਦਿੱਲੀ ਵਾਜ ਵਾਂਗ ਹੀ ਹਨ, ਫਰਕ ਸਿਰਫ ਇਹ ਹੈ ਕਿ ਇਸ ਵਿਚ ਖੱਬੇ ਹੱਥ ਦਾ ਕੰਮ ਵਧੇਰੇ ਹੈ। ਜਦੋਂ ਅਜਰਾੜੇ ਦੀਆਂ ਗਤਾਂ ਵਜਦੀਆਂ ਹੋਣ ਤਾਂ ਝਉਲਾ ਪੈਂਦਾ ਹੈ ਜਿਵੇਂ ਕਾਇਦਾ ਵਜ ਰਿਹਾ ਹੋਵੇ। ਬਨਾਰਸ ਬਾਜ ਦੀਆਂ ਚੀਜ਼ਾਂ ਬਹੁਤ ਸੰਘਣੀਆਂ ਹਨ। ਇਹ ਸ਼ਾਇਦ ਇਸ ਲਈ ਹੈ ਕਿ ਭਾਵੇਂ ਇਹ ਲਖਨਊ ਬਾਜ ਨਾਲ ਮਿਲਦਾ-ਜੁਲਦਾ ਹੈ, ਫਿਰ ਵੀ ਇਸ ਨੇ ਪਖਾਵਜ ਦਾ ਅਸਰ ਲਖਨਾਊ ਨਾਲੋਂ ਵਧੇਰੇ ਸਵੀਕਾਰ ਕੀਤਾ ਹੈ।

ਪੰਜਾਬ ਬਾਜ ਦੀ ਇਹ ਖੂਬੀ ਹੈ ਕਿ ਇਹ ਬਹੁਤ ਭਾਰਾ ਹੈ, ਇਸ ਦਾ ਹੱਥ ਬਹੁਤ ਸਖਤ ਹੈ, ਇਸ ਦਾ ਲਯ ਨਾਲ ਬਹੁਤ ਸੰਬੰਧ ਹੈ ਅਤੇ ਦੂਜਿਆਂ ਨਾਲੋਂ ਇਸ ਦੇ ਬੋਲ ਵੀ ਜੁਦੇ ਹਨ। ਤਿੰਨ ਤਾਲ ਦਾ ਇਕ ਠੇਕਾ ਜਿਸ ਨੂੰ ਆਖਦੇ ਹੀ 'ਪੰਜਾਬੀ ਠੇਕਾ' ਹਨ ਆਪਣੇ ਆਪ ਵਿਚ ਬੜਾ ਸੁਆਦੀ ਅਤੇ ਸੁਰੰਗੜਾ ਹੈ। ਤਬਲੇ ਦੇ ਇਨ੍ਹਾਂ ਵੱਖੋ ਵੱਖਰੇ ਘਰਾਣਿਆਂ ਦੇ ਵਜੰਤਰੀਆਂ ਬਾਰੇ ਕਈ ਤਰ੍ਹਾਂ ਦੀਆਂ ਕਈ ਦਿਲਚਸਪ ਕਹਾਣੀਆਂ ਪ੍ਰਸਿੱਧ ਹਨ। ਪੰਡਤ ਭੈਰੋਂ ਦੱਤ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੇ ਤਬਲੇ 'ਚੋਂ ਹਰ ਸਾਜ਼ ਦੀ ਆਵਾਜ਼ ਕੱਢ ਸਕਦਾ ਸੀ। ਕਦਊ ਸਿੰਘ ਪਖਾਵਜੀ ਦਾ ਉਸ ਨੂੰ ਜਾਨੋਂ ਮਾਰਨ ਆਏ ਹਾਥੀ ਨੂੰ ਆਪਣੀ ਗਜ ਪਰਨ ਦੁਆਰਾ, ਡਰਾ ਕੇ ਭਜਾ ਦੇਣ ਵਾਲਾ ਕਿੱਸਾ ਅਨੇਕ ਉਸਤਾਦਾਂ ਦੇ ਮੂੰਹ ਤੇ ਅੱਜ ਵੀ ਹੈ।

ਮੁਹੰਮਦ ਹੁਸੈਨ ਖਾਂ ਲਖਨਵੀ ਤਬਲੇ ਨੂੰ ਐਸੀ ਜ਼ਬਾਨ ਬਖਸ਼ਦਾ ਕਿ ਥਲੜਾ ਸਿਅਰ ਸਾਫ ਸਾਫ ਸਮਝ ਪੈ ਜਾਂਦਾ ਸੀ :—

ਤਿਰੇ ਪਰ ਸੇ ਝੜਨੇ ਲਗੇ ਸ਼ਹਰ, ਨਾ ਤੜਪ ਤੂ ਬੁਲਬੁਲ ਜ਼ਾਰ ਬਸ।
ਜਲੇਗਾ ਕਫਸ, ਜਲੇਗਾ ਕਫਸ, ਜਲੇਗਾ ਕਫਸ, ਜਲੇਗਾ ਕਫਸ।

ਦਿੱਲੀ ਦੇ ਪ੍ਰਸਿੱਧ ਉਸਤਾਦ ਗਾਮੀ ਖਾਂ ਨੇ ਆਪਣੇ ਪੁਰਖਿਆਂ ਦੀ ਇਕ ਗਤ ਸੁਣਾਈ, ਜਿਸ ਨਾਲ ਇਕ ਅਧਮੋਈ ਹੋ ਚੁੱਕੀ ਬੁਲਬੁਲ ਦੁਬਾਰਾ ਚਹਿਕ-ਚਹਿਕ ਕੇ ਗਾਉਣ ਲੱਗ ਪਈ ਸੀ। ਉਸ ਉਸਤਾਦ ਦਾ ਸਿਲਸਲਾ ਮੱਖੂ ਖਾਂ ਹੋਰਾਂ ਨਾਲ ਜਾ ਮਿਲਦਾ ਸੀ। ਇਹ

ਮੱਖੂ ਖਾਂ ਉਹ ਸਨ, ਜਿਹੜੇ ਖੁਆਜਾ ਮੀਰ ਦਰਦ ਦੀਆਂ ਮਾਸਕ ਮਹਿਫਲਾਂ ਵਿਚ ਪਖਾਵਜ ਅਤੇ ਤਬਲਾ ਵਜਾਉਂਦੇ ਹੁੰਦੇ ਸਨ। ਇਹ ਗੱਲ 1947 ਦੀ ਇਕ ਰਾਤ ਦੀ ਹੈ, ਜਿਸ ਦਾ ਜ਼ਿਕਰ ਇਕ ਮੁਸਲਮਾਨ ਲਿਖਿਆਰ ਸ਼ਾਹਦ ਅਹਿਮਦ ਦੇਹਲਵੀ ਆਪਣੀ ਇਕ ਕਿਰਤ 'ਉਜੜਾ ਦਿਆਰ' (1967) ਦੇ ਸਫਾ 338 'ਤੇ ਅੰਕਿਤ ਕਰ ਜਾਂਦਾ ਹੈ।

ਗਾਮੀ ਖਾਂ ਨੇ ਪਹਿਲਾਂ ਦਿੱਲੀ ਬਾਜ ਸੁਣਾਇਆ ਜਿਸ ਨੂੰ ਕਈ ਵੇਰ ਡੱਬੀਆਂ ਵਾਜ ਵੀ ਕਿਹਾ ਜਾਂਦਾ ਹੈ ਫਿਰ ਉਸ ਨੇ ਇਹ ਗੱਲ ਸੁਣਾਉਣੀ ਸ਼ੁਰੂ ਕੀਤੀ ਕਿ ਦਾਦਾ ਮੱਖੂ ਖਾਂ ਸ਼ਹਿਜ਼ਾਦਿਆਂ ਨੂੰ ਸਿਖਾਲਣ ਲਈ ਰੋਜ਼ ਲਾਲ ਕਿਲ੍ਹੇ ਜਾਂਦੇ ਹੁੰਦੇ ਸਨ। ਦੋਹਰੇ ਜੁਸੇ ਦੇ ਹੜੀਅਲ ਜੁਆਨ ਸਨ, ਇਕ ਦਿਨ ਜੁੰ ਪੁੱਜੇ ਕਿ ਉਨ੍ਹਾਂ ਦਾ ਸਿਰ ਦਲਾਨ ਵਿਚ ਟੰਗੇ ਇਕ ਪਿੰਜਰੇ ਨਾਲ ਐਸਾ ਟਕਰਾਇਆ ਕਿ ਚਹਿਚਹਾ ਰਹੀ ਬੁਲਬੁਲ ਵਿਚਾਰੀ ਫੁੜਕ ਕੇ ਡਿੱਗੀ ਅਤੇ ਬੇਹੋਸ਼ ਹੋ ਗਈ। ਬਾਦਸ਼ਾਹ ਬੋਲਿਆ ਕਿ ਜੇਕਰ ਅੱਜ ਇਹ ਬੁਲਬੁਲ ਮਰ ਗਈ, ਜਾਂ ਦੁਬਾਰਾ ਨਾ ਗਾਈ ਤਾਂ ਤੇਰੀ ਜਾਨ ਦੀ ਖੈਰ ਨਹੀਂ। ਤਬਲਾ ਨਵਾਜ਼ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਦਾਦਾ ਜੀ ਨੇ ਤਬਲਾ ਸੰਭਾਲਿਆ ਅਤੇ ਵਜਾਉਂਦਿਆਂ ਅਜੇ ਥੋੜ੍ਹਾ ਸਮਾ ਹੀ ਹੋਇਆ ਸੀ ਕਿ ਬੁਲਬੁਲ ਉਠ ਖੜ੍ਹੀ ਹੋਈ ਅਤੇ ਦੁਬਾਰਾ ਚਹਿਕਣ ਲੱਗ ਪਈ। ਜਿਉਂ ਜਿਉਂ ਲੈਅ ਤੇਜ ਹੁੰਦੀ ਗਈ, ਤਿਉ ਤਿਉਂ ਬੁਲਬੁਲ ਦੀ ਚਹਿਕਾਰ ਵੀ ਤੇਜ਼ ਹੁੰਦੀ ਗਈ। 'ਸੁਭਾਨ ਅੱਲਾ! ਨਾ ਐਸਾ ਤਬਲਾ ਅੱਜ ਤਕ ਕਦੇ ਕਿਸੇ ਤੋਂ ਸੁਣਿਆ ਹੈ ਅਤੇ ਮੈਂ ਚਾਹੁੰਨਾ ਹਾਂ ਕਿ ਅਗਾਂਹ ਵਾਸਤੇ ਇਹੋ ਜਿਹਾ ਕੋਈ ਹੋਰ ਸੁਣੇ ਵੀ ਨਾ।' ਐਨੀ ਗੱਲ ਕਹਿ ਕੇ ਸਾਹਿਬ ਆਲਮ ਨੇ ਉਸ ਦੇ ਦੋਵੇਂ ਹੱਥ ਕਟਵਾ ਦਿੱਤੇ। ਰੋਂਦਾ-ਧੋਂਦਾ ਉਸਤਾਦ ਆਪਣੇ ਦੋਵੇਂ ਹੱਥ ਚੁੱਕ ਕੇ ਜਦੋਂ ਆਪਣੇ ਪੀਰੋ ਮੁਰਸ਼ਦ ਦਾਤਾ ਮਿਲਣ ਸ਼ਾਹ ਨੂੰ ਮਿਲਣ ਗਿਆ ਤਾਂ ਉਸ ਨੇ ਦੋਵੇਂ ਹੱਥ ਜੋੜ ਦਿੱਤੇ ਅਤੇ ਝਾੜਾ-ਦੁਆ ਕਰਦਿਆਂ ਆਖ ਦਿੱਤਾ ਕਿ 'ਇਹ ਠੀਕ ਹੋ ਜਾਣਗੇ।

ਪੁਸ਼ਤ-ਦਰ ਪੁਸ਼ਤ, ਸੀਨਾ-ਬਸੀਨਾ ਚਲਦੀ ਆ ਰਹੀ ਉਹ ਗਤ ਜਦੋਂ ਗਾਮੀ ਖਾਂ ਨੇ ਸੁਣਾਈ ਤਾਂ ਇੰਝ ਜਾਪਦਾ ਸੀ ਜਿਵੇਂ ਚਿੜੀਆਂ ਚਹਿਚਹਾ ਰਹੀਆਂ ਹੋਣ। ਯਾਦ ਆਇਆ ਕਿ ਇਨ੍ਹਾਂ ਸਤਰਾਂ ਦਾ ਲੇਖਕ ਸਠਵਿਆਂ ਵਿਚ ਜਦੋਂ ਪਾਕਿਸਤਾਨ ਤੋਂ ਆਏ ਇਕ ਤਬਲਚੀ ਅੱਲਾ ਦੀਆ ਖਾਂ ਬਿਹਾਰਪੁਰੀਆ ਨੂੰ ਮਿਲਿਆ ਤਾਂ ਗੱਪ-ਸ਼ੱਪ ਦੌਰਾਨ ਜਦ ਉਸ ਦੇ ਤਬਲੇ ਦੀ ਦਾਦ ਦਿੱਤੀ ਤਾਂ ਉਸ ਅੱਗੋਂ ਆਖਿਆ, 'ਸਰਦਾਰ ਜੀ, ਕਦੇ ਕਦੇ ਤਬਲੇ 'ਤੇ ਮੈਂ ਇਹੋ ਜਿਹੀ ਲੈਅ ਪੈਦਾ ਕਰਦਾ ਹਾਂ ਕਿ ਕਬੂਤਰ ਉਡਾ ਦਿੰਦਾ ਹਾਂ।' ਠੀਕ ਵੀ ਹੈ, ਕੁਝ ਉਸਤਾਦ ਅਜਿਹਾ ਤਬਲਾ ਵਜਾਉਂਦੇ ਹਨ ਕਿ ਜੇਕਰ ਆਮ-ਫਹਿਮ ਬੋਲੀ 'ਚ ਗੱਲ ਕਰੀਏ ਤਾਂ ਤਬਲੇ ਤੇ ਸੱਚਮੁੱਚ ਦਾਣੇ ਭੁੰਨ ਦਿੰਦੇ ਹਨ।

ਤਬਲੇ ਦੀ ਤਾਰੀਖ ਤੋਂ ਛੁੱਟ, ਇਸ ਦੇ ਵਾਦਕਾਂ ਦੀ ਵਿਥਿਆ ਵੀ ਆਪ ਵਿਚ ਬੜੀ ਦਿਲਚਸਪ ਹੈ। ਪਹਿਲਾਂ ਪਹਿਲਾਂ ਬਾਵਜੂਦ ਇਸ ਗੱਲ ਦੇ ਕਿ ਗਲੇ ਅਤੇ ਸਾਜ਼ਾਂ ਦੀ ਲੈਯ ਨੂੰ ਠੀਕ ਥਾਂ ਪੁਰ ਰੱਖਣ ਦੇ ਨਾਤੇ, ਇਸ ਦੀ ਆਪਣੀ ਇਕ ਕੇਂਦਰੀ ਹੈਸੀਅਤ ਸੀ। ਇਸ ਦੇ ਵਜਾਇਕਾਂ ਨੂੰ ਇਕ ਮੁਅਤਬਰ ਮੁਕਾਮ ਨਹੀਂ ਸੀ ਦਿੱਤਾ ਜਾਂਦਾ।

ਤਬਲਾ-ਵਾਦਕ ਆਮ ਤੌਰ 'ਤੇ ਖੜ੍ਹੇ ਹੋ ਕੇ ਤਬਲਾ ਲੱਕ ਨਾਲ ਬੰਨ੍ਹ ਕੇ ਵਜਾਇਆ ਕਰਦੇ ਸਨ। ਕਰਤਾ ਦੇ ਸੰਗ੍ਰਹਿ ਵਿਚ ਸਿੱਖ ਰਾਜ ਨਾਲ ਸੰਬੰਧਤ ਏਹੋ ਜਿਹਾ ਇਕ ਅਦੁੱਤੀ ਚਿੱਤ੍ਰ ਹੈ ਜਿਸ ਵਿਚ ਮਹਾਰਾਜਾ ਨੌਨਿਹਾਲ ਸਿੰਘ ਇਕ ਗਾਇਕਾ ਦੇ ਗਾਣੇ ਤੇ ਮਸਤ ਹੈ ਜਦ ਕਿ ਤਬਲੀਆ ਆਪਣੇ ਸਾਜ਼ ਨੂੰ ਲੱਕ ਨਾਲ ਬੰਨ੍ਹ ਕੇ ਖੜ੍ਹਾ ਵਜਾ ਰਿਹਾ ਹੈ। ਤਬਲਾ ਨਵਾਜ਼ਾਂ ਨੂੰ ਮਨੌਮਨੀ ਵੀ ਦੂਜੇ ਦਰਜੇ ਦੇ ਕਲਾਕਾਰ ਮਿਥਿਆ ਜਾਂਦਾ ਸੀ। ਲੋਕ ਦੱਸਦੇ ਹਨ ਕਿ ਪਾਕਿਸਤਾਨ ਬਣਨ ਤੋਂ ਥੋੜ੍ਹਾ ਜਿਹਾ ਪਹਿਲਾਂ ਤੱਕ, ਹਰਿਵਲਭ ਜਲੰਧਰ ਵਾਂਗੇ ਵੱਡੇ ਸੰਗੀਤ ਮੇਲੇ 'ਤੇ ਵੀ ਇਹ ਪ੍ਰਥਾ ਹੁੰਦੀ ਸੀ ਕਿ ਸਟੇਜ ਉਤੇ ਗਾਇਕਾਂ ਨੂੰ ਤਾ ਬੜੇ ਆਦਰ ਮਾਣ ਨਾਲ ਬਿਠਾਇਆ ਜਾਂਦਾ ਸੀ ਜਦ ਕਿ ਤਬਲੀਏ ਵਿਚਾਰੇ ਸਟੇਜ ਦੇ ਮੋਹਰੇ ਥੱਲੇ ਸਫਾਂ ਉਪਰ ਬੈਠਦੇ ਹੁੰਦੇ ਸਨ। ਹੋਈ ਕਮਾਈ ਵਿਚੋਂ ਵੀ ਗਾਇਕ, ਵਜਾਇਕ ਨੂੰ ਮਸਾਂ ਚੌਥਾ ਕੁ ਹਿੱਸਾ ਹੀ ਦਿਆ ਕਰਦਾ ਸੀ। ਇਸ ਪੱਖੋਂ ਤਾਂ ਸਥਿਤੀ ਹਾਲੇ ਵੀ ਕੁਝ ਏਹੋ ਜਿਹੀ ਹੀ ਹੈ। ਪੰਜਾਬੀਅਤ ਦੀ ਤਾਰੀਖ ਲਿਖਣ ਵਾਲਿਆਂ ਦੀ ਕੋਤਾਹੀ ਦਾ ਕਿਹੜੀ ਕਿਹੜੀ ਗੱਲੋਂ ਮਾਤਮ ਕਰੀਏ। ਅੱਜ ਪੰਜਾਬ ਬਦਨਾਮ ਹੈ ਅਖੇ ਪੰਜਾਬੀ ਕੀ ਗਾਏਗਾ, ਕੀ ਵਜਾਏਗਾ ਜਦ ਕਿ ਅਸਲ ਗੱਲ ਬਿਲਕੁਲ ਇਸ ਦੇ ਉਲਟ ਹੈ। ਸੰਗੀਤ ਦੇ ਹਿੰਦੀ ਜਾਂ ਉਰਦੂ ਦੇ ਗ੍ਰੰਥ ਫੋਲ ਕੇ ਵੇਖ ਲਓ, ਸਭ ਇਤਿਹਾਸਕਾਰ ਆਪਣੀ ਆਪਣੀ ਬੋਲੀ ਬੋਲੀ ਤੁਰੇ ਜਾਂਦੇ ਹਨ। ਬਹੁਤੇ ਤਾਰੀਖਦਾਨ ਇਸ ਖਿਆਲ ਦੇ ਧਾਰਨੀ ਹਨ ਕਿ ਤਬਲਾ ਪਿਛਲੀ ਸਦੀ ਵਿਚ ਈਜਾਦ ਹੋਇਆ ਜਦ ਕਿ ਬਾਬਾ ਬੁਲ੍ਹੇ ਸ਼ਾਹ ਦਾ ਉਪਰੋਕਤ ਸ਼ਿਅਰ ਆਪਣੀ ਥਾਂ ਇਕ ਸਨਦੀ ਹੈਸੀਅਤ ਰੱਖਦਾ ਹੈ। 'ਦੁੱਕੜ' ਤੋਂ ਬੁਲ੍ਹੇ ਸ਼ਾਹ ਦੀ ਮੁਰਾਦ ਦੋ ਟੁਕੜਿਆਂ ਵਿਚ ਕੋਈ ਕੱਟੀ ਹੋਈ ਢੋਲਕ ਜਾਂ ਮਿਰਦੰਗ ਤੋਂ ਹੈ ਜਿਸ ਦਾ ਭਾਵ ਤਬਲਾ ਹੈ। ਉਸ ਸਮੇਂ ਤੱਕ ਪੰਜਾਬ ਵਿਚ ਜੇਕਰ ਤਬਲੇ ਦਾ ਆਵਿਸ਼ਕਾਰ ਨਾ ਹੋਇਆ ਹੁੰਦਾ, ਤਾਂ ਉਹ 'ਦੁੱਕੜ' ਦੀ ਥਾਂ 'ਇੱਕੜ' ਲਿਖਦੇ। ਸੰਗੀਤ ਦੇ ਸ਼ਾਸਤਰੀਆਂ ਅਤੇ ਵਿਸ਼ੇਸ਼ੱਗਾਂ ਨੂੰ ਇਕ ਤਾਂ ਇਸ ਇਤਿਹਾਸਕ ਤੱਥ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ।

ਦੂਜੀ ਵੱਡੀ ਗੱਲ ਇਹ ਹੈ ਕਿ ਪੰਜਾਬੀਆਂ ਨੇ ਨਾ ਕੇਵਲ ਮੋਰਾਂ ਸਰਕਾਰ ਵਰਗੀ ਤਿਆਰ ਗਾਇਕਾ ਲਈ ਹੀ ਇਕ ਐਨਾ ਵੱਡਾ ਤਬਲਾ ਨਵਾਜ਼ ਪੈਦਾ ਕੀਤਾ, ਬਲਕਿ ਪਟਿਆਲਾ ਗਾਇਕੀ ਦੇ ਅਸਲ ਮੋਢੀ ਫਤਿਹ ਅਲੀ ਖਾਂ ਕਰਨੈਲ ਸਾਹਿਬ ਵਰਗੇ ਦੇਸ਼ ਭਰ ਦੇ ਬਹੁਤ ਵੱਡੇ ਖਿਆਲੀਏ ਦਾ ਤਬਲਾ ਵਾਦਕ ਵੀ ਇਕ ਸਿੱਖ ਭੂਪ ਸਿੰਘ 1829-1909) ਹੀ ਸੀ ਜਿਸ ਨੇ ਉਸ ਨਾਲ ਦੇਸ਼ ਭਰ ਦੀਆਂ ਰਿਆਸਤਾਂ ਦਾ ਰਟਨ ਕੀਤਾ ਅਤੇ ਆਪਣੀ ਕਲਾ ਦਾ ਹਰ ਥਾਂ ਸਿੱਕਾ ਜਮਾਇਆ ਅਤੇ ਜੇਕਰ ਕਿਸੇ ਨੇ ਪੰਜਾਬੀ ਬਾਜ ਦਾ ਝੰਡਾ ਸਾਰੀ ਦੁਨੀਆਂ ਵਿਚ ਝੁਲਾਇਆ ਤਾਂ ਉਹ ਪੰਜਾਬ ਦੇ ਮਹਾਨ ਸਪੂਤ ਉਸਤਾਦ ਅੱਲਾ ਰੱਖਾ ਹਨ। ਬਹਾਦਰ ਸਿੰਘ ਵੀ ਏਸੇ ਪ੍ਰਨਾਲੀ ਦੀ ਹੀ ਪੌਦ ਹਨ। ਇਹ ਕੁਝ ਏਹੋ ਜਿਹੀਆਂ ਸ਼ਖਸੀਅਤਾਂ ਦੀ ਦਿਨ ਰਾਤ ਦੀ ਮਿਹਨਤ ਦਾ ਨਤੀਜਾ ਹੈ ਕਿ ਤਬਲੇ ਨੂੰ ਅੱਜ ਹੋਰਨਾਂ ਸਾਜ਼ਾਂ ਵਾਂਗ ਇਕ ਬੜਾ ਸਤਿਕਾਰਤ ਰੁਤਬਾ ਪ੍ਰਾਪਤ ਹੈ।

—★—

# ਪੰਜਾਬ ਵਿਚ ਧਾਰਮਿਕ ਸੰਗੀਤ ਦੀ ਪ੍ਰੰਪਰਾ

—ਡਾ. ਦੇਵਿੰਦਰ ਸਿੰਘ ਵਿਦਿਆਰਥੀ

(ਪਿਛਲੇ ਅੰਕ ਤੋਂ ਅੱਗੇ)

ਵੇਦ-ਕਾਲ ਵਿਚ ਸਾਮ-ਗਾਨ ਦੀ ਵਿਧੀ ਤਿੰਨ ਸੁਰਾਂ ਉਤੇ ਆਧਾਰਿਤ ਸੀ। ਇਹ ਤਿੰਨ ਸੁਰ ਉਦਾਤ, ਅਨੁਦਾਤ ਅਤੇ ਸਵਰਿਤ ਕਰਕੇ ਜਾਣੇ ਜਾਂਦੇ ਹਨ। ਅਜੇ ਪਕ੍ਰੂ, ਜਾਤੀ-ਗਾਇਨ ਦਾ ਜਾਂ ਰਾਗ ਦਾ ਵਿਕਾਸ ਨਹੀਂ ਹੋਇਆ ਸੀ। ਸੱਤਾਂ ਸੁਰਾਂ ਵਾਲੀ ਵੰਡ ਵੀ ਪਿਛੇਰੇਰਲੇ ਸਮੇਂ ਦੀ ਦੇਣ ਕਹੀ ਜਾਂਦੀ ਹੈ। ਸਾਮ ਗਾਉਣ ਵਾਲੇ ਉਦਗਤਾ ਅਖਵਾਉਂਦੇ ਸਨ। ਯੱਗ ਸਮੇਂ ਉਦਗਤਾ ਬ੍ਰਾਹਮਣਾਂ ਦੀਆਂ ਪਤਨੀਆਂ ਵੀ ਵੀਣਾ ਵਜਾ ਕੇ ਆਪਣੇ ਪਤੀਆਂ ਦਾ ਸਾਥ ਦਿੰਦੀਆਂ ਸਨ। ਸਾਮ ਗਾਉਣ ਦੇ ਕਈ ਪ੍ਰਕਾਰ ਪ੍ਰਚਲਿਤ ਸਨ, ਜਿਹਾ ਕਿ ਬ੍ਰਿਹਤ, ਰਥੰਤਰ, ਵੈਰਾਜ, ਵਰੇਸ਼ਾਹਾਰ ਆਦਿ। ਬਿਨ੍ਹਾਂ ਕਿਸੇ ਸਾਜ਼ ਦੀ ਸਹਾਇਤਾ ਲਏ ਦੇ ਸ਼ੁੱਧ ਸਾਮ ਗਾਉਣ ਵਾਲੇ ਨੂੰ ਉੱਤਮ ਮੰਨਿਆ ਜਾਂਦਾ ਸੀ ਪਰ ਸਾਜ਼ਾਂ ਦੀ ਮਨਾਹੀ ਨਹੀਂ ਸੀ।

ਸਾਮ ਗਾਉਣ ਸਮੇਂ ਬ੍ਰਾਹਮਣ ਅਤੇ ਖਤਰੀ ਦੋਵੇਂ ਸ਼ਾਮਿਲ ਹੁੰਦੇ ਸਨ। ਜਿਹੜਾ ਗੈਰਹਾਜ਼ਰ ਹੁੰਦਾ ਉਹ ਸਮਝਦਾ ਕਿ ਉਸ ਦਾ ਦਰਜਾ ਖੁੱਸ ਗਿਆ ਹੈ। ਵੈਸ਼ ਕੇਵਲ ਸੁਣ ਸਕਦੇ ਸਨ ਅਤੇ ਸ਼ੂਦਰ ਲਈ ਸੁਣਨਾ ਵੀ ਮਨ੍ਹਾ ਸੀ। ਬ੍ਰਾਹਮਣ ਅਤੇ ਖੱਤਰੀ ਯੱਗਾਂ ਵਿਚ ਆਪਣੇ ਰਚੇ ਗੀਤ ਵੀ ਗਾਉਂਦੇ ਸਨ ਪਰ ਬ੍ਰਾਹਮਣ ਦੇ ਗੀਤ ਯੱਗ ਦੇ ਅਵਸਰ ਅਤੇ ਯੱਗ ਕਰਵਾਨ ਵਾਲੇ ਦੀ ਦਾਨ-ਦੱਛਤਾ ਦੇਣ ਦੀ ਖੁਲ੍ਹ ਦਿਲੀ ਦੇ ਗੀਤ ਹੀ ਗਾਉਣ ਦਾ ਹੱਕਦਾਰ ਸੀ ਅਤੇ ਖੱਤਰੀ ਸੂਰਬੀਰਤਾ ਦੇ ਗੀਤ ਗਾਉਣ ਦਾ ਹੱਕਦਾਰ ਸੀ, ਇਕ ਦੂਜੇ ਦੇ ਖੇਤਰ ਵਿਚ ਟੰਗ ਅਟਾਉਣਾ ਵਰਜਿਤ ਸੀ। ਯੱਗਾਂ-ਅਵਸਰਾਂ ਉਤੇ ਦੇਵੀ ਦੇਵਤਿਆਂ ਦੀ ਮਹਿਮਾ ਅਤੇ ਰਾਜਿਆਂ ਜਾਂ ਵੀਰਾਂ ਦੀਆਂ ਵਡਿਆਈਆਂ ਦੇ ਗੀਤ ਵੀ ਗਾਏ ਜਾਂਦੇ ਸਨ। ਭਾਵਨਾ ਕੇਵਲ ਸੁਧਾਮਦੀ ਹੀ ਹੁੰਦੀ ਸੀ।

ਜਿਨ੍ਹਾਂ ਦੇਵੀ ਦੇਵਤਿਆਂ ਦਾ ਜਸ, ਸਾਮ-ਗਾਨ ਦੇ ਨਾਲ ਨਾਲ, ਯੱਗਾਂ ਅਵਸਰਾਂ ਆਦਿ ਸਮੇਂ ਗਾਇਆ ਜਾ ਸਕਦਾ ਸੀ ਉਨ੍ਹਾਂ ਵਿਚ ਇਕ ਨਾਉਂ ਸੂਰਜ ਦਾ ਵੀ ਹੈ। ਭਾਰਤ ਵਿਚ ਸੂਰਜ ਦਾ ਸਭ ਤੋਂ ਪੁਰਾਣਾ ਮੰਦਿਰ ਮੁਲਤਾਨ ਵਿਚ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਸਾਗਰ-ਮੰਥਨ ਦੀ ਕ੍ਰਿਆ ਸਮੇਂ ਸੁਮੇਰੂ ਦੀ ਮਧਾਣੀ ਹੇਠ ਕੂਰਮ (ਕੱਛਪ-ਕੱਛੂ) ਅਵਤਾਰ ਨੇ ਆਪਣੀ ਪਿੱਠ ਨੂੰ ਠੱਮ੍ਹਣਾ ਬਣਾਇਆ ਸੀ ਅਤੇ ਸ਼ੇਸ਼ ਨਾਗ ਦੀ ਦੇਹ ਨੇਤਰਾ ਬਣੀ ਸੀ। ਉਹ ਖਸ਼ੀਰ-ਸਾਗਰ ਜਿੱਥੇ ਇਹ ਰਿੜਕਣਾ ਪਿਆ ਓਹੀ ਸੀ ਜਿਸ ਨੂੰ ਅਗਸਤ ਰਿਖੀ ਨੇ ਢਾਈ ਚੂਲੀਆਂ ਵਿਚ ਉਲੀਚ ਲਿਆ ਸੀ। ਦੇਵਤਿਆਂ ਅਤੇ ਦੈਤਾਂ ਦੀ ਸਮਰ-ਭੂਮੀ ਇਹੋ ਸੀ ਅਤੇ ਇਨ੍ਹਾਂ ਦੀ ਪੂਜਾ ਅਰਚਾ ਲਈ ਸਤੋਤ੍ਰ ਇਸ ਧਰਤੀ ਉਤੇ ਗਾਏ ਜਾਂਦੇ ਰਹੇ ਸਨ।

ਮੁਲਤਾਨ ਦੀ ਧਰਤੀ ਹੀ ਪ੍ਰਹਿਲਾਦ ਭਗਤ ਦੇ ਜਨਮ ਦੀ ਧਰਤੀ ਹੈ ਅਤੇ ਇਸੇ ਥਾਂ ਨਰਸਿੰਹ ਅਵਤਾਰ ਦਾ ਪ੍ਰਕਾਸ਼ ਹੋਇਆ ਸੀ। ਇਸੇ ਪੰਜਾਬ ਦੀ ਧਰਤੀ ਨੇ ਧਰੂ ਭਗਤ

ਨੂੰ ਜਨਮ ਦਿੱਤਾ ਸੀ। ਪੰਜਾਬ ਦੇ ਮਹਾਨ ਦਰਿਆ ਸਿੰਧ ਦੇ ਪਾਣੀਆਂ ਵਿਚ ਮਤ੍ਸ (ਮੱਛ) ਅਵਤਾਰ ਦੀ ਪੂਜਾ ਹੁੰਦੀ ਰਹੀ ਹੈ ਜੋ ਪਿੱਛੋਂ ਮੁਸਲਮਾਨ ਪੀਰਾਂ ਦੇ ਪ੍ਰਭਾਵ ਅਧੀਨ ਖ਼ੁਆਜਾ ਖਿਜ਼ਰ ਦੀ ਪੂਜਾ ਵਿਚ ਵਟ ਗਈ ਸਮਝੀ ਜਾਂਦੀ ਹੈ। ਇਸੇ ਪ੍ਰਭਾਵ ਅਧੀਨ ਹੋਰਨਾਂ ਅਨੇਕ ਨਦੀਆਂ ਅਤੇ ਸਰੋਵਰਾਂ ਦੀ ਖਿਜ਼ਰ ਦੇ ਨਾਮ ਅਧੀਨ ਪੂਜਾ ਹੁੰਦਾ ਹੈ। ਇਸੇ ਖੇਤਰ ਵਿਚ ਪੁਰਾਣਾ ਪਾਤਾਲ ਦੇਸ਼ ਹੈ ਜਿੱਥੇ ਵਾਮਨ ਅਵਤਾਰ ਨੇ ਰਾਜਾ ਬਲਿ ਨੂੰ ਕੈਦ ਕੀਤਾ ਸੀ। ਭਗਵਾਨ ਪ੍ਰਮੇਸ਼ਵਰ ਦਾ ਅਵਤਾਰ ਭੀ ਇਸੇ ਧਰਤੀ ਉਤੇ ਹੋਇਆ। ਇਹ ਅਵਤਾਰਾਂ ਦੀ ਧਰਤੀ ਹੈ।

ਪੰਜਾਬ ਦੀ ਧਰਤੀ ਉਤੇ ਹੀ ਬ੍ਰਮ੍ਹਾ ਦਾ ਨਿਵਾਸ ਰਿਹਾ, ਸ਼ਿਵ ਦੀ ਇਸ ਧਰਤੀ ਨਾਲ ਸਾਂਝ ਦਾ ਚਿੰਨ੍ਹ ਸ਼ਿਵਾਲਕ (ਸ਼ਿਵ ਦੀਆਂ ਜ਼ੁਟਾਂ) ਪਹਾੜੀਆਂ ਅਤੇ ਸ਼ਿਵ ਦੇ ਨੀਨ-ਲੋਹਿਤ ਸਰੂਪ ਦਾ ਚਿੰਨ੍ਹ ਦਰਿਆ ਸਤ-ਦ੍ਰੁਦ੍ਰ ਆਪਣੇ ਅਨੇਕ ਰੂਪਾਂ ਵਿਚ ਵਹਿੰਦਾ ਆਇਆ ਹੈ। ਕਦੇ ਇਸੇ ਧਰਤੀ ਉਤੇ ਮਾਰਕੰਡੇ ਦੀ ਧਾਰਾ ਮਹਾ-ਪਰਲੇ ਦੇ ਦਰਸ਼ਨ ਅਭਿਲਾਖੀ ਰਿਸ਼ੀ ਮਾਰਕੰਡੇ ਦੀ ਯਾਦ ਜਗਾਉਂਦੀ ਆਈ ਹੈ। ਇਸੇ ਥਾਂ ਸ਼ਕਤਾਂ ਦੀਆਂ ਦੇਵੀਆਂ ਤਾਰਾ ਆਦਿ ਦੇ ਸਥਾਨ ਹਨ, ਨੈਣਾ-ਦੇਵੀ, ਜੁਆਲਾ, ਚਿੰਤ-ਪੂਰਨੀ ਆਦਿ ਦੇ ਮੰਦਰਿ ਹਨ। ਏਥੇ ਹੀ ਸ੍ਰੀ, ਸਾਰਦਾ, ਸਰਸਵਤੀ, ਦੁਰਗਾ, ਪਾਰਬਤੀ ਆਦਿ ਦੀ ਪੂਜਾ ਹੁੰਦੀ ਹੈ। ਏਥੇ ਹੀ ਮਨਸਾ, ਸੀਤਲਾ, ਸਾਂਝੀ ਆਦਿ ਅਨਾਰੀਆ ਦੇਵੀਆਂ ਨੂੰ ਆਰੀਆਂ ਦੇਵੀ-ਦੇਵਤਿਆਂ ਜਿੰਨਾ ਸਤਿਕਾਰ ਦਿੱਤਾ ਜਾਂਦਾ ਹੈ।

ਇਸੇ ਧਰਤੀ ਉਤੇ ਸਾਵਿੱਤਰੀ, ਕੈਕੇਈ, ਕੌਸ਼ਲਿਆ, ਮਾਦਰੀ ਆਦਿ ਮਹਾਨ ਇਸਤ੍ਰੀਆਂ ਨੇ ਜਨਮ ਲੈ ਕੇ ਇਤਿਹਾਸ ਅਤੇ ਮਿਥਿਹਾਸ ਦੇ ਪੰਨਿਆਂ ਨੂੰ ਮੁੜ ਮੁੜ ਵਾਚਣ-ਯੋਗ ਬਣਾਇਆ। ਏਥੇ ਹੀ ਹੋਲਿਕਾ ਜਿਹੀ ਭੈਣ ਅਤੇ ਸੁਰੁਚੀ ਜਿਹੀ ਮਾਤਾ ਨੇ ਜੀਵਨ ਦੇ ਅਨੇਕ ਤੱਥਾਂ ਨੂੰ ਉਜਾਗਰ ਕੀਤਾ। ਕੀ ਦੇਵਤੇ ਕੀ ਅਵਤਾਰ ਕੀ ਪੁਰਸ਼ ਅਤੇ ਕੀ ਇਸਤ੍ਰੀਆਂ, ਸਭ ਨੇ ਸਾਡੀ ਸੁਹਜ ਸੂਝ ਅਤੇ ਸੁਚੱਜ-ਬੁੱਧੀ ਨੂੰ ਨਵੇਂ ਨਵੇਕਲੇ ਰਾਹਾਂ ਤੋਂ ਜਾਣੂ ਕਰਵਾਇਆ। ਇਹ ਕਥਾਵਾਂ ਸ਼ਾਇਦ ਅਜੇ ਤਕ ਜੀਵਤ ਹੀ ਇਸ ਆਧਾਰ ਦੇ ਬਲ ਉਤੇ ਹਨ ਕਿ ਇਨ੍ਹਾਂ ਦੇ ਜੀਵਨ ਚਿੰਤਨ ਵਿਚ ਮਹਾਨ ਆਸਤਕਤਾ ਸੀ। ਪੰਜਾਬ ਦੀ ਧਰਤੀ ਇਸ ਗੱਲ ਲਈ ਪ੍ਰਸਿੱਧ ਹੈ ਕਿ ਇਸ ਥਾਂਵੇਂ ਕਿਸੇ ਨੂੰ ਆਪਣੇ ਵਿਚਾਰਾਂ ਨਾਲ ਸਾਂਵਾਂ ਕਣ ਤੋਂ ਕਦੇ ਕਿਸੇ ਨੇ ਹੋੜਿਆ ਨਹੀਂ ਸੀ।

ਜੇਕਰ ਧਰਮ ਨਾਮ ਦਾ ਕੋਈ ਸਜੀਵ ਤੱਤ ਕਿਧਰੇ ਵਿਆਪਕ ਰਿਹਾ ਹੈ ਤਾਂ ਉਹ ਧਰਤੀ ਪੰਜਾਬ ਦੀ ਹੈ। ਧਰੂ, ਪ੍ਰਹਿਲਾਦ, ਸੁਨਯਸ਼ੇਪ ਆਦਿ ਨਾਉਂ ਸਾਡੇ ਇਸ ਅਡੋਲ ਚਰਿਤ੍ਰ ਦੀ ਸਾਖੀ ਭਰਦੇ ਹਨ। ਇਹ ਵੈਦਿਕ ਪ੍ਰਭਾਵਾਂ ਦੇ ਯੁੱਗ ਦੀ ਅਭੁੱਲ ਕਥਾ ਹੈ। ਇਸ ਕਥਾ ਦਾ ਹਰ ਇਕ ਅੰਸ਼ ਸਾਡੀ ਸਮਾਜਿਕ ਯਾਦ ਵਿਚ ਰਮਿਆ-ਰਚਿਆ ਹੈ। ਇਨ੍ਹਾਂ ਨੂੰ ਦੁਹਰਾਉਂਦੇ ਸਮੇਂ ਕਦੇ ਕਿਸੇ ਪ੍ਰਮਾਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਇਸ ਯੁੱਗ ਵਿਚ ਸਾਡੀ ਧਰਮ-ਚੇਤਨਾ ਨੇ ਵੇਦ ਦੀ ਅਸਚਰਜਤਾ, ਬ੍ਰਾਹਮਣ ਗ੍ਰੰਥਾਂ ਦੀ ਵਿਵਿਧਤਾ, ਉਪਨਿਖਦਾਂ ਦੀ ਦਾਰਸ਼ਨਿਕਤਾ ਅਤੇ ਪੁਰਾਣਾਂ ਦੀ ਵਿਚਿਤ੍ਰਤਾ ਵਿਚੋਂ ਲੰਘ ਕੇ ਜੀਵਨ ਸੱਚ ਦੇ ਅਨੇਕ

ਉਤਾਰ ਚੜ੍ਹਾ ਦੇ ਦੌਰ ਪਰਖੇ ਹੰਢਾਏ ਅਤੇ ਭਾਵਾਂ ਦੀ ਰੰਗੀਨੀ ਰਾਹੀਂ ਅਨੇਕ ਭਾਂਤ ਆਪਣਾ ਰਾਮ ਰਿਝਾਇਆ ।

ਇਸ ਯੁਗ ਵਿਚ ਸਾਡੇ ਸੰਗੀਤ, ਵਿਸ਼ੇਸ਼ ਕਰਕੇ ਧਾਰਮਿਕ ਸੰਗੀਤ ਨੇ ਕਈ ਘਾਟ ਗਾਹ ਵੇਖੇ ਸਨ । ਉਸ ਨੇ ਨਾਗਰਿਕਾਂ ਦੀ ਰਸਿਕਤਾ ਦਾ ਰੰਗ ਮਾਣਿਆ ਸੀ, ਰਾਜ ਦਰਬਾਰਾਂ ਦੀ ਰਸਮੀ ਧਾਰਮਿਕਤਾ ਦਾ ਰਸ ਲਿਆ ਸੀ, ਨਾਟਕ-ਚੇਟਕ ਦੀ ਚਟਕ-ਮਟਕ ਪਛਾਣੀ ਸੀ ਅਤੇ ਸਾਧਾਰਣ ਜਨ-ਜੀਵਨ ਦੀਆਂ ਝੌਂਪੜੀਆਂ ਝੁੱਗੀਆਂ ਦਾ ਸਰਲ ਸੁੱਖ ਵੇਖਿਆ ਸੀ । ਉਸ ਨੇ ਸ਼ਾਸਤਰੀਯਤਾ ਦਾ ਸਾਧਾਰਣ ਜੀਵਨ ਉਤੇ ਦਬਦਬਾ ਅਨੁਭਵ ਕੀਤਾ ਸੀ ਅਤੇ ਇਹ ਵੀ ਵੇਖਿਆ ਸੀ ਕਿ ਸਾਧਾਰਣ ਜੀਵਨ ਕਿਸ ਪ੍ਰਕਾਰ ਸ਼ਾਸਤ੍ਰੀਯਤਾ ਨੂੰ ਤਨ,ਮਨ ਪ੍ਰਾਣ ਦੇ ਕੇ ਸਜੀਵਤਾ ਪ੍ਰਦਾਨ ਕਰਦਾ ਹੈ । ਉਸ ਨੇ ਆਚਾਰੀਆਂ ਦੇ ਹਠ ਅਤੇ ਬੁੱਧੀ-ਜੀਵੀਆਂ ਦੇ ਛਲ ਨਾਲ ਸਹਿਜ ਸੁਭਾਵੀ ਜਿਗਿਆਸਾ ਦੀ ਤਰਲਤਾ ਦਾ ਭੇਦ ਬੁੱਝਣ ਦੇ ਜਤਨ ਕੀਤੇ ਸਨ ।

ਤਤਕਾਲੀ ਸੰਗੀਤ ਨੇ ਪਣਾਂ, ਜਾਤੀਆਂ ਦੇ ਗੋਰਖ-ਧੰਦਿਆਂ ਵਿਚੋਂ ਰਾਹ ਲੱਭਦਿਆਂ ਰਾਗ ਦੀ ਉੱਭਰਦੀ ਆਤਮਾ ਦਾ ਵਿਗਾਸ ਹੁੰਦਾ ਤੱਕਿਆ ਸੀ ਅਤੇ ਸਰੁਤੀਆਂ, ਅਲੰਕਾਰਾਂ, ਗ੍ਰਾਮਾਂ, ਮੂਰਛਨਾਵਾਂ ਦੀਆਂ ਭੁੱਲ-ਭੁਲਈਆਂ ਤਾਨਾਂ ਅਲਾਪਾਂ ਦੇ ਪ੍ਰਕਾਰ-ਵਿਸਤਾਰ ਦੇ ਭੇਦ ਜਾਣੇ ਸਨ । ਇਨ੍ਹਾਂ ਸਾਰੀਆ ਕਲਾਕਾਰੀਆਂ ਅਤੇ ਕਲਾਬਾਜ਼ੀਆਂ ਦੀ ਪਰੇਡ ਵਿਚ ਕਿਧਰੇ ਵੀ ਆਪਣੇ ਭਗਵਾਨ ਨੂੰ ਨਹੀਂ ਸੀ ਭੁਲਾਇਆ । ਲੋੜ ਪਈ ਤਾਂ ਆਪਣੇ ਰਾਧਾ-ਸ਼ਿਆਮ ਨੂੰ ਸਾਧਾਰਣ ਨਾਇਕ ਨਾਇਕਾਵਾਂ ਦਾ ਚੋਲਾ ਪੁਆ ਲਿਆ ਸੀ ਅਤੇ ਦੀਨ ਦੁਨੀਆਂ ਦੋਹਾਂ ਨਾਲ ਇਕੋ ਜਿਹੀ ਸਾਂਝ ਪੁਗਾ ਲਈ ਸੀ । ਪ੍ਰਤੂ ਇਸ ਯੁਗ ਦਾ ਸੰਗੀਤ ਕੁਝ ਸ਼ਾਸਤਰੀ ਅਤੇ ਕੁਝ ਮਜ਼ਾਮੀਰੀ ਹੋ ਗਿਆ ਸੀ । ਪੁਰਾਣੇ ਆਰੀਆਂ ਧਾਰਮਿਕ ਸੰਗੀਤ ਵਿਚ ਨਾਚ ਨਹੀਂ ਸੀ ਹੁਣ ਉਸ ਲਈ ਰਾਹਾਂ ਨਿਕਲ ਆਈਆਂ ਸਨ ।

ਇਸ ਯੁਗ ਵਿਚ ਭਗਤ ਲੋਕ ਕੀ ਗਾਉਂਦੇ ਸਨ, ਉਨ੍ਹਾਂ ਦੇ ਗੀਤਾਂ ਦਾ ਸਰੂਪ ਅਤੇ ਉਸ ਦੀ ਵਸਤੂ ਕਿਹੋ ਜਿਹੀ ਸੀ, ਜਾਂ ਇਹੋ ਜਿਹੇ ਅਨੇਕਾਂ ਹੋਰ ਸਵਾਲਾਂ ਦਾ ਪ੍ਰਮਾਣ ਸਹਿਤ ਜਵਾਬ ਦੇਣਾ ਸੰਭਵ ਨਹੀਂ ਰਿਹਾ ਕਿਉਂਕਿ ਉਨ੍ਹਾਂ ਦਿਨਾਂ ਵਿਚ (ਵੇਦਿਕ ਯੁਗ ਦਾ ਮੁੱਢ ਵਿਦਵਾਨਾਂ 4000 ਤੋਂ 2500 ਸਾਲ ਈਸਾ ਪੂਰਬ ਦਾ ਅੰਗਿਆ ਹੈ) ਅਜਿਹੀਆਂ ਰਚ-ਨਾਵਾਂ ਲਿਖ ਕੇ ਰੱਖਣ ਦੀ ਰੀਤ ਨਹੀਂ ਚਾਲੂ ਹੋਈ ਸੀ, ਹੁੰਦੀ ਤਾਂ ਸ਼ਾਇਦ, ਉਸ ਸਮੇਂ ਦੀ ਰਚਨਾ ਦੇ ਕਿਸੇ ਨਾ ਕਿਸੇ ਅੰਸ਼ ਦਾ ਕੁਝ ਨਾ ਕੁਝ ਉਤਾਰਾ ਕਿਧਰੋਂ ਮਿਲ ਹੀ ਜਾਂਦਾ । ਇਹ ਅਨੁਮਾਨ ਕੀਤਾ ਗਿਆ ਹੈ ਕਿ ਭਾਵਨਾ ਪ੍ਰਧਾਨ ਗੀਤਾਤਮਕ ਰਚਨਾਵਾਂ ਨੂੰ ਲੇਖਣੀ-ਬੱਧ ਕਰਨ ਦਾ ਰਿਵਾਜ ਇਸ ਯੁਗ ਦੇ ਬੀਤਣ ਤੋਂ ਪਿੱਛੋਂ ਹੀ ਪ੍ਰਚਾਰ ਵਿਚ ਆਇਆ ਸੀ ।[4]

ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਐਫ. ਡਬਲਿਯੂ. ਤਾਮਸ ਦੇ ਇਕ ਕਥਨ ਦਾ ਹਵਾਲਾ ਦਿੰਦੇ ਹੋਇਆ ਲਿਖਿਆ ਹੈ ਕਿ 'ਵਾਸਤਵ ਵਿਚ ਵੈਦਿਕ ਕਾਲ ਦੇ ਅੰਤ ਪਿਛੋਂ ਹੀ ਭਾਰਤੀ-ਮਾਨਵ ਵਜੂਦ ਵਿਚ ਆ ਸਕਿਆ ।' ਡਾ. ਚੈਟਰਜੀ ਨੇ ਇਸ ਦੀ ਵਿਆਖਿਆ

ਵਿਚ ਲਿਖਿਆ ਹੈ 'ਪੂਰਬ-ਆਰਿਆਈ ਲੋਕ ਜੋ ਭਾਰਤ ਵਿਚ ਵਸ ਰਹੇ ਸਨ-ਆਸਟ੍ਰਿਕ, ਮੰਗੋਲੀ ਅਤੇ ਦ੍ਰਵਿੜ-ਆਰੀਆ ਨਾਲ ਇਕ ਭਾਈਚਾਰੇ ਵਿਚ ਘੁਲ-ਮਿਲ ਕੇ ਇੱਕ ਹੋ ਗਏ। ਇਹ ਸਾਂਝਾ ਘੋਲ-ਮੇਲ ਪਹਿਲੀ ਵਾਰੀ ਆਰੀਆ ਲੋਕਾਂ ਦੇ ਪ੍ਰਭਾਵ ਅਧੀਨ ਹੀ ਸੰਭਵ ਹੋ ਸਕਿਆ, ਜਦੋਂ ਇਨ੍ਹਾਂ ਸਾਰੇ ਵੱਖ ਵੱਖ ਮੂੰਹੀਆਂ ਦੇ ਲੋਕਾਂ ਨੇ ਆਰੀਆਈ ਰਹਿਣ-ਸਹਿਣ ਦਾ ਢੰਗ ਅਤੇ ਆਰੀਆਈ ਭਾਖਾਂ ਨੂੰ ਆਪਣਾ ਲਿਆ।[5]

ਵੈਦਿਕ ਸੰਸਕ੍ਰਿਤੀ ਦੇ ਇਸ ਉਤਥਾਨ ਅਤੇ ਸੰਸਥਾਪਨ ਕਾਲ ਵਿਚ ਆਰੀਆਈ ਅਤੇ ਅਨਾਰੀਆਈ ਤੱਤਾਂ ਵਿਚ ਘਾਲ-ਮੇਲ ਦਾ ਤਿੱਖਾ ਦੌਰ ਚਲਦਾ ਰਿਹਾ ਅਤੇ ਇੱਕ ਸਾਂਝਾ ਅਤੇ ਸਮਾਨਤਾਵਾਂ ਦੇ ਵਿਸਤਾਰ ਦੀ ਲਹਿਰ ਪਹਿਲਾਂ ਪੰਜਾਬ ਤੋਂ ਪੂਰਬੀ ਦੇਸ਼ਾਂ-ਦੇਸ਼ਾਂਤਰਾਂ ਵੱਲ ਫੇਰ ਪੂਰਬ ਤੋਂ ਮੁੜ ਪੰਜਾਬ ਵੱਲ ਪਰਤਦੀ ਰਹੀ। ਦੱਸਿਆ ਜਾਂਦਾ ਹੈ ਕਿ ਪੁਰਾਣ-ਯੁਗ ਦੇ ਆਉਂਦੇ ਕਰਦਿਆਂ ਪੂਰਬ ਵਿਚ ਤਿੰਨ ਵੱਖੋ ਵੱਖਰੇ ਰਾਜ ਕੇਂਦਰ ਕਾਇਮ ਹੋ ਗਏ ਸਨ। ਇਹ ਰਾਜ ਕੇਂਦਰ ਐਲਾਂ ਸੌਦਯੁਮਨਾਂ, ਮਨੂਆਂ ਜਾਂ ਮਾਨਵਾਂ ਦੇ ਸਨ। ਇਹ ਕੇਂਦਰ ਜਿਨ੍ਹਾਂ ਥਾਵਾਂ ਉਤੇ ਕਾਇਮ ਹੋਏ ਸਨ ਉਨ੍ਹਾਂ ਦੇ ਨਾਮ ਸਨ ਪ੍ਰਤਿਸ਼ਠਾਨ, ਗਯਾ ਅਤੇ ਅਯੋਧਿਆ। ਇਨ੍ਹਾਂ ਵਿਚ ਭੀ ਐਲ ਸਾਰਿਆਂ ਉਪਰ ਛਾ ਗਏ ਸਨ।

ਪਾਰਜੀਟਰ ਦਾ ਮਤ ਹੈ ਕਿ ਐਲ ਜਾਂ ਐਰ ਵੰਸ਼ ਵਾਲੇ ਆਰੀਆ ਨਸਲ ਵਿਚੋਂ ਸਨ, ਸੌਦਯੁਮਨਾਂ ਦਾ ਪਿੱਛਾ ਮੁੰਡ ਨਸਲ ਦਾ ਸੀ ਅਤੇ ਮਾਨਵ ਵੰਸ਼ ਵਾਲੇ ਦ੍ਰਾਵੜੀ ਨਸਲ ਵਿਚੋਂ ਸਨ। ਐਲਾਂ ਦਾ ਜਨਮ ਦਾ ਦੇਸ਼ ਕਿਧਰੇ ਮੱਧ-ਹਿਮਾਲਿਆਈ ਖੇਤਰ ਵਿਚੋਂ ਸੀ ਜਿਸ ਨੂੰ ਇਲਾਵਰਤ ਆਖਿਆ ਜਾਂਦਾ ਸੀ। ਭਾਰਤੀ ਪਰੰਪਰਾ ਦੀਆਂ ਲਿਖਤਾਂ ਵਿਚ ਆਰੀਆਂ ਦੇ ਕਿਧਰੋਂ ਬਾਹਰੋਂ ਆਉਣ ਦਾ ਕੋਈ ਜ਼ਿਕਰ ਕਿਤੇ ਨਹੀਂ ਮਿਲਦਾ। ਸਗੋਂ ਐਲਾਂ ਦੇ ਦੇਸ਼ ਤੋਂ ਬਾਹਰ ਜਾਣ ਦੇ ਸੰਕੇਤ ਜ਼ਰੂਰ ਲਿਖੇ ਮਿਲ ਜਾਂਦੇ ਹਨ। ਰਿਗਵੇਦ ਵਿਚ ਹੀ ਗੰਗਾ ਤੋਂ ਪੱਛਮ ਵੱਲ ਨੂੰ ਦਰਿਆਵਾਂ ਦੀ ਗਿਣਤੀ ਦਿੱਤੀ ਹੈ ਅਤੇ ਕਾਸ਼ੀ ਦੇ ਰਾਜਾ ਸੁਦਾਸ ਨੂੰ ਦਸ ਰਾਜਿਆਂ ਦੇ ਯੁੱਧ ਵਿਚ ਪੰਜਾਬ ਵੱਲ ਜਿੱਤਾਂ ਕਰਦੇ ਵਧਦੇ ਦਿਖਾ-ਇਆ ਗਿਆ ਹੈ।

ਬੋਗਾਜ਼ਕੁਈ ਦੇ ਸ਼ਿਲਾ-ਲੇਖ ਵਿਚ ਇੰਦਰ ਵਰੁਣ, ਮਿਰਤ ਅਤੇ ਨਾਸਤਿਆ ਆਦਿ ਵੈਦਿਕ ਦੇਵਤਿਆਂ ਦੇ ਨਾਉਂ ਲਿਖੇ ਮਿਲਦੇ ਹਨ। ਇਹ ਸ਼ਿਲਾ-ਲੇਖ 1400 ਈਸਾ ਪੂਰਬ ਦਾ ਮਿਲਿਆ ਮੰਨਿਆ ਜਾਂਦਾ ਹੈ।[6] ਪਾਰਜੀਟਰ ਦੀ ਖੋਜ ਅਨੁਸਾਰ ਇਹ ਸ਼ਿਲਾ ਲੇਖ ਦਰੂਹਿਯੂ ਲੋਕਾਂ ਦੇ ਵਿਸਤਾਰ ਦੀ ਕਥਾ ਦੀ ਸੂਚਕ ਹੈ। ਇਸ ਸੋਚਣੀ ਅਨੁਸਾਰ ਆਰੀਆਂ ਸਭਿਅਤਾ ਭਾਰਤ ਵਿਚ ਇਸ ਸਮੇਂ ਨਾਲੋਂ ਕਿਤੇ ਪੁਰਾਣੀ ਸਿੱਧ ਹੁੰਦੀ ਹੈ। ਪੁਰਾਣਾਂ ਵਿਚ ਦਿੱਤੇ ਵਰਨਣਾਂ ਉੱਤਰ-ਪੱਛਮੀ ਸੀਮਾਂ ਦੇ ਧੁਰ ਪਾਰ ਆਰੀਆਂ ਦੀ ਇਹ ਚੜ੍ਹਤ ਮਹਾਂਭਾਰਤ ਦੇ ਯੁੱਧ ਕਾਲ ਤੋਂ ਕੋਈ 55 ਪੁਸ਼ਤਾਂ ਪਹਿਲਾਂ ਦੀ ਹੈ। ਜੇਕਰ ਇਕ ਪੁਸ਼ਤ ਨੂੰ ਘੱਟੋ ਘੱਟ 12 ਵਰ੍ਹੇ ਦੀ ਵਿੱਥ ਦਿੱਤੀ ਜਾਵੇ ਤਾਂ ਮੇਸੋਪੋਟਾਮੀਆਂ ਵਿਚ ਵੈਦਿਕ ਦੇਵਤਿਆਂ ਦਾ ਜ਼ਿਕਰ ਮਹਾਂਭਾਰਤ ਤੋਂ 660 ਵਰ੍ਹੇ ਪਹਿਲਾਂ ਹੈ।

ਇਸ ਯੁੱਗ ਦੀ ਇਕ ਹੋਰ ਵਿਸ਼ੇਸਤਾ ਇਹ ਕਹੀ ਜਾਂਦੀ ਹੈ ਕਿ ਸਵੇਰੇ ਪੰਛੀਆਂ ਦੇ ਜਾਗਣ ਤੋਂ ਵੀ ਪਹਿਲਾਂ ਵਿਦਿਆਰਥੀ ਆਪਣੀ ਸੰਥਾ ਰਟਣੀ ਆਰੰਭ ਕਰ ਦਿੰਦੇ ਸਨ।[7] ਐਤ੍ਰੇਯ ਆਰਣਿਯਕ ਵਿਚ ਉਲੇਖ ਕੀਤਾ ਗਿਆ ਹੈ ਕਿ ਵੇਦ-ਪਾਠ ਦੇ ਤਿੰਨ ਪ੍ਰਮੁਖ ਢੰਗ ਸਨ ਜਿਹਾ ਕਿ ਪ੍ਰਾਤ੍ਰੀਣਾ ਨਿਰਭੁਜ ਅਤੇ ਉਭੈ ਮੰਤ੍ਰੇਣ ਜਿਨ੍ਹਾਂ ਵਿਚ ਸ਼ਬਦਾਂ ਦਾ ਉਚਾਰ ਇਕੱਲਾ ਨਿਖੇੜ ਕੇ, ਜੋੜੇ ਬਣਾ ਕੇ ਜਾਂ ਪੂਰੀ ਤੁਕ ਇਕੋ ਸਾਹ ਪੜ੍ਹ ਕੇ। ਇਸ ਨੂੰ ਸੰਹਿਤਾ-ਪਾਠ, ਪਦ-ਪਾਠ ਅਤੇ ਕ੍ਰਮ ਪਾਠ ਵੀ ਕਹਿ ਲਿਆ ਜਾਂਦਾ ਸੀ। ਐਤ੍ਰੇਯ ਅਤੇ ਸ਼ਤਪਥ ਆਦਿ ਆਰਣਿਯਕਾਂ ਵਿਚ ਆਵਾਜ਼ਾਂ ਨੂੰ ਘੋਸ਼, ਊਸ਼ਮ ਅਤੇ ਵਿਅੰਜਨ ਆਦਿ ਵੰਡੀਆਂ ਵਿਚ ਵਰਨਣ ਕੀਤਾ ਗਿਆ ਹੈ। ਮਾਤ੍ਰਾ, ਸਾਮ ਅਤੇ ਸੰਤਾਨ ਆਦਿ ਬਲ ਆਦਿ ਦੀ ਨਿਖੇੜ ਨਾਲ ਉਚਾਰਿਆ ਜਾਂਦਾ ਸੀ।[8]

ਬ੍ਰਾਹਮਣ ਗ੍ਰੰਥਾਂ ਤੋਂ ਪਤਾ ਲੱਗਦਾ ਹੈ ਕਿ ਸਾਰਾ ਆਰੀਆਈ ਦੇਸ਼ ਦਸ ਰਾਜਾਂ ਵਿਚ ਵੰਡਿਆ ਸੀ। ਇਨ੍ਹਾਂ ਵਿਚੋਂ ਚਾਰ ਰਾਜ ਉਦੀਚੀ ਖੇਤਰ ਦੇ ਗੰਧਾਰ, ਕੈਕੇਯ, ਮੱਦ੍ਰ ਅਤੇ ਉਸ਼ੀਨਰ ਅਤੇ ਬਾਕੀ ਛੇ ਪ੍ਰਾਚੀ ਦੇ-ਮਤਸ, ਕੁਰੂ ਪਾਂਚਾਲ, ਕਾਸ਼ੀ, ਕੌਸ਼ਲ ਅਤੇ ਵਿਦੇਹ ਸਨ। ਉਦੀਚੀ ਦੇ ਗੰਧਾਰ ਰਾਜ ਵਿਚ ਵਰਤਮਾਨ ਯੁਗ ਦਾ ਉੱਤਰ ਪੱਛਮੀ ਸੀਮਾ ਪ੍ਰਾਂਤ ਅਤੇ ਉਸ ਨਾਲ ਲੱਗਦਾ ਅਫਗਾਨਿਸਤਾਨ ਦਾ ਪੂਰਬੀ ਪ੍ਰਦੇਸ਼ ਸ਼ਾਮਿਲ ਸੀ। ਕੈਕੇਯ ਦੇਸ਼ ਵਿਚ ਉੱਤਰ ਪੱਛਮੀ ਪੰਜਾਬ, ਗੰਧਾਰ ਰਾਜ ਦੇ ਪੂਰਬ ਵੱਲ ਦਾ ਇਲਾਕਾ ਅਤੇ ਸਿੰਧ-ਸਾਗਰ ਦੁਆਬ ਦਾ ਖੇਤਰ ਸੀ। ਮੱਧ ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਉਤਰ ਮੱਧ ਵਿਚ ਕਸ਼ਮੀਰ ਅਤੇ ਉਸ ਦੇ ਨਾਲ ਦਾ ਖੇਤਰ, ਦੱਖਣ-ਮੱਦਰ ਵਿਚ ਉਤਰ-ਕੇਂਦਰੀ ਪੰਜਾਬ, ਬਾਕੀ ਉਸ਼ੀਨਰ ਸੀ।[9]

## ਫੁੱਟ ਨੋਟ ਤੇ ਹਵਾਲੇ

3. ਰਾਜੇਂਦਰ ਪ੍ਰਸਾਦ ਪਾਂਡੇਯ, ਫ਼ਿਨੌਮਿਨੌਲੌਜੀ, ਰਾਜਸਥਾਨ ਹਿੰਦੀ ਗ੍ਰੰਥ ਅਕਾਡਮੀ, ਜਯਪੁਰ, 1974, ਪੰਨਾ 1।
4. ਸਿਲੈਕਟ ਰਾਈਟਿੰਗਜ਼, ਜਿਲਦ ਪਹਿਲੀ, ਵਿਕਾਸ ਪਬਲਿਸਿੰਗ ਹਾਊਸ, ਦਿੱਲੀ, 1978, ਪੰਨਾ 121
5. ਉਹੀ, ਐਕਸਪੈਨਸ਼ਿਓਨ ਆਫ ਇੰਡੀਆਨਿਜ਼ਮ (ਕਲਕੱਤਾ ਯੂਨੀਵਰਸਿਟੀ, 1838) ਦੇ ਹਵਾਲੇ ਨਾਲ
6. ਰਾਧਾ ਕਮਲ, ਹਿੰਦੂ ਸਿਵਿਲਾਈਜੇਸ਼ਨ, ਭਾਰਤੀ ਵਿਦਿਆ ਭਵਨ, ਬੰਬਾਈ, 1950, ਪੰਨਾ 155
7. ਉਹੀ ਪੰਨਾ 112
8. ਓਹੀ
9. ਦੇਖੋ, ਚੈਟਰਜੀ, ਸੁਨੀਤੀ ਕੁਮਾਰ, ਸਿਲੈਕਟ ਰਾਈਟਿੰਗਜ਼, ਪੰਨਾ 47

(ਚਲਦਾ)

# ਸ. ਗਿਆਨ ਸਿੰਘ ਜੀ ਐਬਟਾਬਾਦ

—ਪ੍ਰੋ. ਸਤਵਿੰਦਰ ਸਿੰਘ

ਸਰਦਾਰ ਗਿਆਨ ਸਿੰਘ ਜੀ ਐਬਟਾਬਾਦ ਗੁਰਬਾਣੀ ਸੰਗੀਤ ਦੇ ਵੱਡੇ ਵਿਦਵਾਨ ਅਤੇ ਖੋਜੀ ਸਨ। ਉਹਨਾਂ ਦਾ ਜਨਮ ਸੰਨ 1897 ਵਿਚ ਸਰਦਾਰ ਭਗਵਾਨ ਸਿੰਘ ਜੀ ਦੇ ਗ੍ਰਹਿ ਵਿਖੇ ਐਬਟਾਬਾਦ (ਪਾਕਿਸਤਾਨ) ਵਿਚ ਹੋਇਆ। ਆਪ ਦਾ ਜਨਮ ਅਸਥਾਨ ਹੀ ਆਪ ਦਾ ਨਾਮ ਤਖਲਸ ਬਣ ਗਿਆ ਅਤੇ ਬਾਅਦ ਵਿਚ ਆਪ ਸਰਦਾਰ ਗਿਆਨ ਸਿੰਘ ਐਬਟਾਬਾਦ ਦੇ ਤੌਰ ਤੇ ਜਾਣੇ ਜਾਣ ਲੱਗੇ ਤੇ ਪ੍ਰਸਿੱਧ ਹੋਏ।

ਆਪ ਨੂੰ ਗੁਰੂ ਘਰ ਨਾਲ ਪ੍ਰੇਮ ਤੇ ਸ਼ਰਧਾ ਦੀ ਸੰਥਿਆ ਆਪਣੇ ਘਰ ਪਰਿਵਾਰ ਵਿਚੋਂ ਹੀ ਮਿਲੀ। ਆਪ ਦੇ ਪਿਤਾ ਸਰਦਾਰ ਭਗਵਾਨ ਸਿੰਘ ਜੀ ਆਪ ਗੁਰਬਾਣੀ ਸੰਗੀਤ ਦੇ ਬੜੇ ਰਸੀਏ ਤੇ ਅਨਿਨ ਨਿਤ ਨੇਮੀ ਸਨ। ਉਹਨਾ ਨੇ ਆਪਣੇ ਘਰ ਪਰਿਵਾਰ ਵਿਚ ਇਕ ਤਰ੍ਹਾਂ ਦਾ ਪ੍ਰਭੂ ਨਾਮ ਲੇਵਾ ਮਾਹੌਲ ਹੀ ਸਿਰਜਿਆ ਹੋਇਆ ਸੀ। ਉਹ ਆਪਣੇ ਘਰ ਪਰਿਵਾਰ ਵਿਚ ਬੈਠ ਕੇ ਨਿੱਤ-ਨੇਮ ਨਾਲ ਗੁਰਬਾਣੀ ਕੀਰਤਨ ਕਰਿਆ ਕਰਦੇ ਸਨ। ਅਜਿਹੇ ਮਾਹੌਲ ਦਾ ਬਚਪਨ ਤੋਂ ਹੀ ਆਪ ਤੇ ਪ੍ਰਭਾਵ ਪੈਣਾ ਕੁਦਰਤੀ ਸੀ। ਇਸ ਤਰ੍ਹਾਂ ਆਪ ਨੂੰ ਗੁਰਬਾਣੀ ਸੰਗੀਤ ਨਾਲ ਪ੍ਰੇਮ ਤੇ ਕੀਰਤਨ ਦੀ ਲਾਗ ਘਰ ਵਿਚੋਂ ਹੀ ਲੱਗੀ ਅਤੇ ਆਪ ਨੂੰ ਇਹ ਅਣਮੋਲ ਦਾਤ ਵਿਰਸੇ 'ਚੋਂ ਹੀ ਪ੍ਰਾਪਤੀ ਹੋਈ। ਇਹ ਹੀ ਕਾਰਨ ਸੀ ਕਿ ਆਪ ਕੇਵਲ ਸਾਢੇ ਚਾਰ ਸਾਲ ਦੀ ਆਯੂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਧੀਆ ਪਾਠ ਕਰਨ ਲੱਗ ਪਏ ਸਨ। ਉਹ ਆਪ ਲਿਖਦੇ ਹਨ ਕਿ 'ਮੈਨੂੰ ਚਾਰ ਸਾਲ ਦੀ ਉਮਰ ਵਿਚ ਗੁਰਮੁਖੀ ਪੜ੍ਹਾਈ ਗਈ ਤੇ ਛੇ ਮਹੀਨੇ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਿਠਾਇਆ ਗਿਆ। ਮੈਂ ਅਜੇ ਸਤਵੀਂ ਜਮਾਤ ਵਿਚ ਪੜ੍ਹਦਾ ਸਾਂ, ਭੁਝੰਗੀ ਸਭਾ ਦਾ ਮੈਂਬਰ ਬਣ ਗਿਆ। ਮੈਂ ਦੀਵਾਨਾਂ ਤੇ ਜਾਣਾ ਸ਼ੁਰੂ ਕਰ ਦਿੱਤਾ ਤੇ ਇਉਂ ਸ਼ਬਦ ਸੁਣਨ, ਪੜ੍ਹਣ ਦੀ ਲਗਨ ਲੱਗੀ।'

ਇਸ ਤਰ੍ਹਾਂ ਲਗਾਤਾਰ ਤੇ ਸ਼ਰਧਾ ਪੂਰਵਕ ਲਗਨ ਮਿਹਨਤ ਤੇ ਸਿਰੜਤਾ ਸਦਕਾ ਆਪ ਨੇ ਤੇਰਾਂ ਸਾਲ ਦੀ ਆਯੂ ਵਿਚ ਦਸਵੀਂ ਦੀ ਵਿਦਿਅਕ ਯੋਗਤਾ ਪ੍ਰਾਪਤ ਕਰਨ ਦੇ ਨਾਲ ਗੁਰਬਾਣੀ ਕੀਰਤਨ ਵਿਚ ਵੀ ਨਿਪੁੰਨਤਾ ਹਾਸਲ ਕਰ ਲਈ ਸੀ। ਉਪਰੰਤ ਆਪ ਸਰਦਾਰ ਨਰਾਇਣ ਸਿੰਘ ਗ੍ਰੰਥੀ, ਜੋ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ (ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਦੇ ਪਿਤਾ ਸਨ, ਦੀ ਪ੍ਰੇਰਣਾ ਸਦਕਾ ਇਕ ਗੁਰਦੁਆਰੇ ਵਿਚ ਕੀਰਤਨ ਕਰਨ ਲੱਗ ਪਏ। ਇਸ ਤੋਂ ਬਾਅਦ ਆਪ ਨੇ ਲਗ ਭਗ ਆਪਣਾ ਸਾਰਾ ਜੀਵਨ ਗੁਰਬਾਣੀ ਸੰਗੀਤ ਤੇ ਕੀਰਤਨ ਨੂੰ ਹੀ ਅਰਪਣ ਕਰ ਦਿੱਤਾ। ਗੁਰਬਾਣੀ ਕੀਰਤਨ ਬਾਰੇ ਆਪ ਦੇ ਵਿਚਾਰ ਹਨ ਕਿ 'ਕੀਰਤਨ ਕਰਨ ਤੇ ਸੁਣਨ ਨਾਲ ਅਵਿੱਦਿਆ

ਨੀਂਦਰ ਵਿਚ ਸੁੱਤਾ ਮਨ ਜਾਗ ਪੈਂਦਾ ਹੈ। ਦੁੱਖ ਕਲੇਸ਼ ਤੇ ਰੋਗ ਮਿਟ ਜਾਂਦੇ ਹਨ, ਛਾਤੀ ਸੀਤਲ ਤੇ ਮਨ ਸੁਖੀ ਹੋ ਜਾਂਦਾ ਹੈ। ਪਾਪਾਂ ਦੀ ਮੈਲ ਕਟ ਜਾਂਦੀ ਹੈ ਤੇ ਨਿਰੰਕਾਰ ਵਿਚ ਲਿਵ ਲੱਗ ਜਾਂਦੀ ਹੈ। ਹਰਿਨਾਮ ਦਾ ਅੰਮ੍ਰਿਤ ਰਸ ਪੀਣ ਲਈ ਸਭ ਤੋਂ ਉੱਤਮ ਸਾਧਨ ਕੀਰਤਨ ਹੈ। ਇਸ ਨਾਲ ਲੋਕ ਪ੍ਰਲੋਕ ਸੰਵਰ ਜਾਂਦੇ ਹਨ। ਜਿਨ੍ਹਾਂ ਦੇ ਮਨ ਕੀਰਤਨ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਲਈ ਲੋਕ ਪ੍ਰਲੋਕ ਦਾ ਕੋਈ ਪਦਾਰਥ ਅਲੱਭ ਨਹੀਂ ਰਹਿੰਦਾ। ਉਹ ਚਾਰੇ ਪਦਾਰਥ ਧਰਮ, ਅਰਥ, ਕਾਮ, ਮੋਖ ਪ੍ਰਾਪਤ ਕਰ ਲੈਂਦੇ ਹਨ।

ਇਕ ਸੂਖਮ ਭਾਵੀ ਕੀਰਤਨਕਾਰ ਤੇ ਸੰਗੀਤ ਰਸੀਏ ਹੋਣ ਦੇ ਨਾਲ ਨਾਲ ਆਪ ਨੇ ਉਸ ਵੇਲੇ ਚਲੀਆਂ 'ਗੁਰਦੁਆਰਾ ਸੁਧਾਰ' ਅਤੇ 'ਅਕਾਲੀ ਲਹਿਰਾਂ' ਆਦਿ ਸੰਗਰਾਮੀ ਲਹਿਰਾਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਇਹਨਾਂ ਲਹਿਰਾਂ ਵਿਚ ਵੀ ਆਪਣਾ ਪੂਰਾ ਪੂਰਾ ਯੋਗਦਾਨ ਪਾਇਆ ਅਤੇ ਆਪ ਨੂੰ ਜੇਲ੍ਹ ਵੀ ਜਾਣਾ ਪਿਆ। 'ਗੁਰਦੁਆਰਾ ਐਕਟ ਤੋਂ ਪਹਿਲਾਂ ਚੁਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪ ਜ਼ਿਲ੍ਹੇ ਵੱਲੋਂ ਮੈਂਬਰ ਚੁਣੇ ਗਏ। 1928 ਵਿਚ ਜਦ ਸ਼੍ਰੋਮਣੀ ਕਮੇਟੀ ਗੈਰ ਕਾਨੂੰਨੀ ਕਰਾਰ ਦਿੱਤੀ ਗਈ ਤਾਂ ਆਪ ਬਾਕੀ ਸਾਥੀਆਂ ਨਾਲ ਗ੍ਰਿਫਤਾਰ ਕਰ ਲਏ ਗਏ ਅਤੇ ਇਸ ਸਮੇਂ ਦੋ ਸਾਲ ਦੀ ਸਜ਼ਾ ਆਪ ਨੇ ਮੁਲਤਾਨ ਜੇਲ਼ ਵਿਚ ਕੱਟੀ।'

ਸੰਨ 1947 ਵਿਚ ਦੇਸ਼ ਦੀ ਵੰਡ ਦੇ ਮੌਕੇ ਹੋਰ ਲੋਕਾਂ ਵਾਂਗ ਆਪ ਨੂੰ ਵੀ ਆਪਣਾ ਜਨਮ ਅਸਥਾਨ ਐਬਟਾਬਾਦ ਛੱਡਣਾ ਪਿਆ। ਇੱਧਰ ਆ ਕੇ ਆਪ ਨੇ ਦਿੱਲੀ ਵਿਖੇ ਆਪਣਾ ਨਿਵਾਸ ਅਸਥਾਨ ਬਣਾਇਆ। ਦਿੱਲੀ ਵਿਚ ਆਪ ਜੀ ਦਾ ਮੇਲ ਗਿਆਨੀ ਹਰਦਿੱਤ ਸਿੰਘ ਅਤੇ ਭਾਈ ਸੰਤਾ ਸਿੰਘ ਜੀ ਕੰਵਲ ਜਿਹੇ ਸੁਲਝੇ ਹੋਏ ਗੁਰਬਾਣੀ ਸੰਗੀਤ ਕਲਾਕਾਰਾਂ ਨਾਲ ਹੋਇਆ। 'ਗਿਆਨੀ ਹਰਦਿੱਤ ਸਿੰਘ ਜੀ ਗੁਰਮਤਿ ਵਿਦਿਆਲਯ ਦੇ ਇੰਚਾਰਜ ਸਨ ਜੋ ਸੰਗੀਤ ਦੇ ਚੰਗੇ ਜਾਣੂ ਸਨ ਅਤੇ ਬੱਚਿਆਂ ਨੂੰ ਕੀਰਤਨ ਦੀ ਸਿਖਲਾਈ ਨੋਟੇਸ਼ਨ ਨਾਲ ਕਰਾਉਂਦੇ ਸਨ।' ਗਿਆਨੀ ਜੀ ਦੇ ਸੁਝਾ ਅਤੇ ਪ੍ਰੇਰਣਾਂ ਨਾਲ ਆਪ ਨੇ ਸਬਦ ਰੀਤਾਂ ਦੀ ਸੁਰ ਲਿਪੀ ਲਿਖਣ ਅਤੇ ਰਾਗਾਂ ਦੀਆਂ ਨੋਟੇਸ਼ਨਾਂ ਲਿਖਣ ਦਾ ਕੰਮ ਆਰੰਭ ਕੀਤਾ। ਇਥੇ ਹੀ ਆਪ ਦਾ ਗੁਰਬਾਣੀ ਸੰਗੀਤ ਸੰਬੰਧੀ ਸਾਹਿਤਕ ਜੀਵਨ ਆਰੰਭ ਹੁੰਦਾ ਹੈ। ਇਸ ਕਾਰਜ ਵਿਚ ਆਪ ਨੇ ਭਾਈ ਸੰਤਾ ਸਿੰਘ ਜੀ ਕੰਵਲ ਹੋਰਾਂ ਦਾ ਸਹਿਯੋਗ ਵੀ ਪ੍ਰਾਪਤ ਕੀਤਾ ਅਤੇ ਇਕ ਹੋਰ ਵਿਦਵਾਨ ਕਲਾਕਾਰ ਭਾਈ ਦਿਆਲ ਸਿੰਘ ਜੀ, ਜੋ ਟਿਊਨਾਂ ਦੀ ਨੋਟੇਸ਼ਨ ਕਰਨ ਵਿਚ ਬੜੇ ਮਾਹਿਰ ਸਨ, ਨੂੰ ਨਾਲ ਲੈ ਕੇ ਆਪ ਨੇ ਗੁਰਦੁਆਰਾ ਸੀ ਬਾਲਾ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾਉਂਦਿਆਂ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਉਪਰਾਲਾ ਕੀਤਾ ਅਤੇ ਆਪ ਸ਼ਬਦ-ਰੀਤਾਂ ਦੀ ਖੋਜ ਵਿਚ ਇਕ ਮਨ ਹੋ ਕੇ ਜੁਟ ਗਏ। ਸ਼ਬਦ ਰੀਤਾਂ ਦਾ ਭੰਡਾਰ ਬਹੁਤ ਜ਼ਿਆਦਾ ਸੀ। ਸਮਾਂ ਪਾ ਕੇ ਇਹ ਰੀਤਾਂ ਭੁਲ ਜਾਂਦੀਆਂ ਸਨ, ਜਿਹਨਾਂ ਦੇ

ਗੁਆਚ ਤੇ ਖਤਮ ਹੋ ਜਾਣ ਦਾ ਖਦਸ਼ਾ ਸੀ। ਫਿਰ ਇਹ ਰੀਤਾਂ ਅਜੇ ਤਕ ਕਿਸੇ ਨੇ ਲਿਖਤਾਂ ਵਿਚ ਨਹੀਂ ਸਨ ਲਿਆਂਦੀਆਂ ਅਤੇ ਕੇਵਲ ਸੀਨਾ-ਬਸੀਨਾ ਹੀ ਚਲੀਆਂ ਆ ਰਹੀਆਂ ਸਨ। ਆਪ ਨੇ ਇਹ ਬੀੜਾ ਚੁੱਕਿਆ ਅਤੇ ਪੰਥ ਦੇ ਚੋਣਵੇਂ ਰਾਗੀ ਸਿੰਘਾਂ ਨੂੰ ਮਿਲ ਕੇ ਉਹਨਾਂ ਕੋਲੋਂ ਵਿਭਿੰਨ ਸ਼ਬਦਾਂ ਦੀਆਂ ਰੀਤਾਂ ਇਕੱਠੀਆਂ ਕੀਤੀਆਂ। ਆਪ ਚਾਹੁੰਦੇ ਸਨ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਦੇ ਚੋਣਵੇਂ ਸ਼ਬਦਾਂ ਦੀ ਸੁਰ ਲਿਪੀ ਲਿਖੀ ਜਾਵੇ।' ਇਸ ਕਾਰਜ ਹਿੱਤ ਆਪ ਨੇ ਦਿਨ-ਰਾਤ ਇਕ ਕਰ ਦਿੱਤਾ। ਆਪ ਨੇ ਭਾਈ ਤਾਬਾ ਜੀ. ਜੋ ਰਬਾਬੀਆਂ ਵਿਚ ਬੜੇ ਪ੍ਰਸਿੱਧ ਸਨ ਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਚੋਖਾ ਸਮਾਂ ਕੀਰਤਨ ਕਰਦੇ ਰਹੇ, ਨਾਲ ਸੰਪਰਕ ਕੀਤਾ। ਉਹਨਾਂ ਪਾਸੋਂ ਵੀ ਪੁਰਾਤਨ ਸ਼ਬਦ ਰੀਤਾਂ ਲਈਆਂ। ਉਹਨਾਂ ਨਾਲ ਕਈ ਕਈ ਘੰਟੇ ਬੈਠ ਕੇ ਸ਼ਬਦ ਰੀਤਾਂ ਵਜਾਈਆਂ ਤੇ ਗਾਈਆਂ ਅਤੇ ਭਾਈ ਦਿਆਲ ਸਿੰਘ ਜੀ ਤੋਂ ਉਨ੍ਹਾਂ ਦੀਆਂ ਨੋਟੇਸ਼ਨਾਂ ਲਿਖਾਈਆਂ। ਇਸ ਤਰ੍ਹਾਂ ਇਕ ਲੰਮੀ ਘਾਲਣਾ ਦੇ ਬਾਅਦ ਆਪ ਨੇ ਇਕ ਖੋਜ ਭਰਪੂਰ ਪੁਸਤਕ 'ਗੁਰਬਾਣੀ ਸੰਗੀਤ' ਗੁਰਬਾਣੀ ਦੇ ਕੀਰਤਨ ਕਲਾਕਾਰਾਂ ਦੀ ਭੇਟ ਕੀਤੀ ਅਤੇ ਗੁਰਬਾਣੀ ਸ਼ਬਦ ਰੀਤਾਂ ਦੇ ਮਹਾਨ ਖਜ਼ਾਨੇ ਨੂੰ ਲਿਖਤੀ ਰੂਪ ਵਿਚ ਸੰਭਾਲਿਆ। ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲੀ ਵਾਰ 1961 ਵਿੱਚ ਅਤੇ ਬਾਅਦ ਵਿੱਚ ਫਿਰ 1972 ਵਿੱਚ ਇਸ ਦਾ ਦੂਜਾ ਐਡੀਸ਼ਨ ਪ੍ਰਕਾਸ਼ਤ ਕੀਤਾ। ਆਪ ਨੇ ਸ਼ਬਦ ਰੀਤਾਂ ਤੇ ਰਾਗ ਨੋਟੇਸ਼ਨਾਂ ਦਾ ਅਨਮੋਲ ਖਜ਼ਾਨਾ ਇਸ ਪੁਸਤਕ ਵਿੱਚ ਸੰਭਾਲ ਲਿਆ ਹੈ।

ਪੂਰਨ ਤੌਰ ਤੇ ਸਰਦਾਰ ਗਿਆਨ ਸਿੰਘ ਜੀ ਇਕ ਖੋਜੀ ਤਰਬੀਅਤ, ਕਲਾਕਾਰ ਵਿਅਕਤਿਤਵ, ਗੁਰਬਾਣੀ ਸੰਗੀਤ ਰਸੀਏ, ਗੁਰਬਾਣੀ ਸ਼ਬਦ-ਰੀਤਾਂ ਦੇ ਸੰਭਾਲਕ, ਵਿਭਿੰਨ ਰਾਗ ਨੋਟੇਸ਼ਨਾਂ ਦੇ ਸਿਰਜਕ-ਕਰਤਾ, ਸਿਰੜੀ ਤੇ ਅਨੁਭਵੀ ਪ੍ਰਭੂ ਨਾਮ ਲੇਵਾ ਅਤੇ ਪ੍ਰਭੂ ਨਾਮ ਪ੍ਰਚਾਰਕ ਸ਼ਖਸ਼ੀਅਤ ਸਨ। ਆਪ ਨੇ ਆਪਣਾ ਸਾਰਾ ਜੀਵਨ ਕੀਰਤਨ ਤੇ ਗੁਰਬਾਣੀ ਸੰਗੀਤ ਦੇ ਰੁਬਰੂ ਗੁਜ਼ਾਰਿਆ। ਉਹਨਾਂ ਦਾ ਇਹ ਕਥਨ ਗੁਰਬਾਣੀ ਕੀਰਤਨਕਾਰਾਂ ਨੂੰ ਇਕ ਸੰਦੇਸ਼ ਹੈ ਕਿ 'ਇਹ ਇਕ ਕੋਮਲ ਹੁਨਰ ਹੈ, ਇਸ ਵਾਸਤੇ ਕਠਿਨ ਘਾਲ ਦੀ ਲੋੜ ਹੈ। ਸਫਲ ਕੀਰਤਨੀਆ ਬਣਨ ਲਈ ਰਾਗ ਅਤੇ ਤਾਲ ਦੀ ਮਿਹਨਤ ਜ਼ਰੂਰੀ ਹੈ। ਸ਼ਬਦ ਦਾ ਅੱਖਰ ਅੱਖਰ ਸਪੱਸ਼ਟ ਗਾਇਆ ਜਾਵੇ। ਸ਼ਬਦ ਦੇ ਅਰਥ ਤੇ ਭਾਵ ਦੀ ਸੋਝੀ ਹੋਵੇ। ਜੇ ਰਾਗੀ ਦਾ ਗੁਰਮੁਖਾਂ ਵਾਲਾ ਅਮਲੀ ਜੀਵਨ ਹੋਵੇ ਤਾਂ ਐਸੇ ਕੀਰਤਨੀਏ ਦੀ ਮਹਿਮਾਂ ਕੌਣ ਕਹਿ ਸਕਦਾ ਹੈ।'

ਗੁਰਬਾਣੀ ਸੰਗੀਤ ਵਿੱਚ ਆਪ ਦਾ ਯੋਗਦਾਨ ਹਮੇਸ਼ਾਂ ਆਪ ਦੀ ਯਾਦ ਦੁਆਉਂਦਾ ਰਹੇਗਾ। ਅੱਜ ਗੁਰਬਾਣੀ ਸੰਗੀਤ ਦੇ ਇਹ ਪ੍ਰਵਾਰਕ ਆਪਣੀ ਸੇਵਾ ਨਿਭਾ ਗਏ ਹਨ। ਗੁਰਬਾਣੀ ਸੰਗੀਤ ਸੰਬੰਧੀ ਉਹਨਾਂ ਦੀ ਦੇਣ ਉੱਤੇ ਅਮਲ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੈ। □

# ਗੁਰਬਾਣੀ ਸੰਗੀਤ ਤੇ ਗੁਰਮਤਿ ਸਮਾਚਾਰ

## ਸੰਗੀਤ ਕੈਸੱਟਾਂ

### ਮਨਿ ਜੀਤੈ ਜਗੁ ਜੀਤੁ

ਜਗਜੀਤ ਸਿੰਘ ਦਾ ਨਾਂ ਭਾਵੇਂ ਗ਼ਜ਼ਲ ਗਾਇਕ ਦੇ ਤੌਰ 'ਤੇ ਹੀ ਪ੍ਰਸਿੱਧ ਹੈ ਪਰ ਉਨ੍ਹਾਂ ਦਾ ਗੁਰਬਾਣੀ ਗਾਇਨ ਵੀ ਇਕ ਨਿਵੇਕਲੀ ਤਰ੍ਹਾਂ ਦਾ ਅਤੇ ਸੁਣਨ ਯੋਗ ਹੈ। ਪਹਿਲਾਂ ਉਨ੍ਹਾਂ ਨੇ ਫਰੀਦ ਬਾਣੀ ਅਤੇ ਭਜਨਾਂ ਦੀ ਕੈਸੇਟ ਵਿਚ ਇਕ ਸ਼ਬਦ 'ਹੇ ਗੋਬਿੰਦ ਹੇ ਗੋਪਾਲ' ਬੜੇ ਸੁੰਦਰ ਢੰਗ ਨਾਲ ਗਾਇਨ ਕੀਤਾ ਹੈ ਪਰ ਉਨ੍ਹਾਂ ਦੀ ਨਵੀਂ ਕੈਸੇਟ 'ਮਨਿ ਜੀਤੈ ਜਗੁ ਜੀਤੁ' ਤਾਂ ਸ਼ਾਹਕਾਰ ਮੰਨੀ ਜਾ ਸਕਦੀ ਹੈ । ਐਚ.ਐਮ.ਵੀ. ਵਾਲਿਆਂ ਨੇ ਬੜੇ ਸੁੰਦਰ ਕਵਰ ਵਿਚ ਇਹ ਇਕ ਤਰ੍ਹਾਂ ਸ਼ਰਧਾਂਜਲੀ ਹੀ ਭੇਟ ਕੀਤੀ ਹੈ।

ਇਸ ਕੈਸੇਟ ਦੀਆਂ ਧੁਨਾਂ ਕਿਸੇ ਡੂੰਘੇ ਵੈਰਾਗ ਵਿਚੋਂ ਪੈਦਾ ਹੋਈਆਂ ਹਨ। 'ਉਡਹੁ ਨ ਕਾਗਾ ਕਾਰੇ' ਉਮਰ ਦੇ ਪੰਛੀ ਨੂੰ ਨਾ ਉਡਣ ਲਈ ਤਰਲਾ ਹੈ। 'ਇਹ ਜਗਿ ਮੀਤੁ ਨਾ ਦੇਖਿਓ ਕੋਈ' ਸ਼ਬਦ ਦੀ ਧੁਨ ਆਪਣੇ ਅਤਿ ਪਿਆਰਿਆਂ ਦੇ ਦੂਰ ਹੁੰਦੇ ਜਾਣ ਦੇ ਸੋਗ ਵਿਚੋਂ ਨਿਕਲਦੀ ਹੈ। 'ਮਨ ਕੀ ਮਨ ਹੀ ਮਾਹਿ ਰਹੀ'—ਇਸ ਸ਼ਬਦ ਦੀ ਧੁਨ ਜੋ ਕਰਨਾ ਚਾਹੁੰਦੇ ਸਾਂ ਉਹ ਨਹੀਂ ਕਰ ਸਕੇ ਅਤੇ ਸ਼ਾਇਦ ਜੋ ਕੁਝ ਗਾਉਣਾ ਸੀ ਅਤੇ ਜਿਸ ਤਰ੍ਹਾਂ ਗਾਉਣਾ ਸੀ—ਨਹੀਂ ਗਾ ਸਕੇ । ਇਹ ਸੱਧਰ ਮਨ ਵਿਚ ਹੀ ਰਹਿ ਗਈ । ਫਿਰ ਮਨ ਗਿਆਨਵਾਨ ਹੋ ਕੇ ਕਹਿੰਦਾ ਹੈ ਕਿ ਸਭ ਕੁਝ ਤੇਰੇ ਹੁਕਮ ਵਿਚ ਹੀ ਹੋਣਾਂ ਹੈ –'ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ।' ਅੰਤ ਵਿਚ ਅਸਲੀ ਕੰਮ ਦੀ ਸੋਝੀ ਆ ਜਾਂਦੀ ਹੈ ਕਿ – 'ਰਾਮ ਸਿਮਰਿ ਰਾਮ ਸਿਮਰਿ ਇਹੈ ਤੇਰੈ ਕਾਜ ਹੈ।' 'ਏ' ਸਾਈਡ ਦੇ ਇਨ੍ਹਾਂ ਸ਼ਬਦਾਂ ਦੀਆਂ ਧੁਨਾਂ ਦੀ ਖੂਬੀ ਇਹੋ ਹੈ ਕਿ ਜਗਜੀਤ ਸਿੰਘ ਆਪਣੇ ਖਾਨਦਾਨੀ ਵਿਰਸੇ ਕਾਰਨ ਸ਼ਬਦਾਂ ਦਾ ਸਹੀ ਉਚਾਰਨ ਕਰਦੇ ਹਨ ਅਤੇ ਇਨ੍ਹਾਂ ਸਾਰੀਆਂ ਧੁਨਾਂ ਵਿਚ ਗਉੜੀ, ਸੋਰਠ, ਗੁਜਰੀ, ਜੈਜਾਵੰਤੀ ਆਦਿ ਨਿਰਧਾਰਿਤ ਰਾਗਾਂ ਦੀ ਗੂੰਜ ਸੁਣਾਈ ਦਿੰਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਨੂੰ ਉਨ੍ਹਾਂ ਨੇ ਭਾਵ ਅਨੁਕੂਲ ਸੁਰਾਂ ਦੇ ਕੇ ਬੜੇ ਖੂਬਸੂਰਤ ਅੰਦਾਜ਼ ਵਿਚ ਗਾਇਨ ਕੀਤਾ ਹੈ। ਜਗਜੀਤ ਸਿੰਘ ਭਾਵਾਂ ਦੇ ਅਨੁਕੂਲ ਸੰਗੀਤ ਦਾ ਪ੍ਰਬੰਧ ਸਿਰਜਣ ਵਿਚ ਤਾਂ ਮਾਹਿਰ ਹਨ ਹੀ। ਸਾਰੇ ਗਾਇਨ ਅਤੇ ਸੰਗੀਤ ਵਿਚੋਂ ਜਿਸ ਵੈਰਾਗ ਦਾ ਸੰਚਾਰ ਹੁੰਦਾ ਹੈ ਉਸ ਬਾਰੇ ਸਾਹਿਰ ਲੁਧਿਆਣਵੀ ਦਾ ਸ਼ਿਅਰ ਯਾਦ ਆਉਂਦਾ ਹੈ :—

ਜੋ ਤਾਰ ਸੇ ਨਿਕਲੀ ਵਹ ਧੁਨ ਸਬ ਨੇ ਸੁਨੀ ਹੈ।
ਜੋ ਸਾਜ਼ ਪੇ ਗੁਜ਼ਰੀ ਹੈ ਵਹ ਕਿਸ ਦਿਲ ਕੋ ਪਤਾ ਹੈ।

ਪਰਮਾਤਮਾ ਉਨ੍ਹਾਂ ਨੂੰ ਆਪਣੀ ਪ੍ਰੰਪਰਾ ਨੂੰ ਪਛਾਣਦਿਆਂ ਹੋਇਆਂ ਹੋਰ ਅਜਿਹਾ ਕੁਝ ਗਾਇਨ ਕਰਨ ਲਈ ਬਲ ਅਤੇ ਬੁੱਧੀ ਬਖਸ਼ੇ। —ਡਾ. ਜਾਗੀਰ ਸਿੰਘ

## ਭਾਈ ਮਰਦਾਨਾ ਯਾਦਗਾਰੀ ਵਿਦਿਆਰਥੀ ਕੀਰਤਨ ਦਰਬਾਰ

ਗੁਰਮਤਿ ਸੰਗੀਤ ਦੀਆਂ ਕੈਸਟਾਂ ਦੇ ਪ੍ਰਵਾਰ ਵਿਚ ਬਹੁਤਾ ਕਰਕੇ ਸਥਾਪਤ ਗਾਇਕਾਂ ਦਾ ਹੀ ਬੋਲ-ਬਾਲਾ ਰਿਹਾ ਹੈ। ਯੂਨੀਵਰਸਿਟੀ ਜਾਂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਦਾ ਸਿਹਰਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਕੀਰ-ਤਨ ਵਿਭਾਗ ਨੂੰ ਜਾਂਦਾ ਹੈ ਜਿਸ ਨੇ ਆਪਣੀ ਪਹਿਲੀ ਹਥਲੀ ਕੈਸਿਟ ਵਿਚ ਪੰਜ ਕਾਲਜਾਂ ਦੇ ਸਮੂੰਹਕ-ਵਿਅਕਤੀਗਤ ਗਾਏ ਸੱਤ ਸ਼ਬਦਾਂ ਦੇ ਸੰਗ੍ਰਹਿ ਦੀ ਇਕ ਕੈਸਟ ਰੀਲੀਜ਼ ਕੀਤੀ ਹੈ।

ਇਹ ਕੈਸਟ ਸਟੱਡੀ ਸਰਕਲ ਵਲੋਂ ਹਰ ਸਾਲ ਵਾਂਗ ਫਰਵਰੀ 91 ਵਿਚ ਕਰਵਾਏ ਨੌਵੇਂ ਭਾਈ ਮਰਦਾਨਾ ਯਾਦਗਰੀ ਵਿਦਿਆਰਥੀ ਕੀਰਤਨ ਦਰਬਾਰ ਦੇ ਚੋਣਵੇਂ ਸ਼ਬਦਾਂ ਦੀ ਰਿਕਾਰਡਿੰਗ ਤੇ ਆਧਾਰਿਤ ਹੈ।

'ਏ' ਸਾਇਡ ਦਾ ਪਹਿਲਾਂ ਸ਼ਬਦ ਗੁਰੂ ਨਾਨਕ ਗਰਲਜ਼ ਕਾਲਜ, ਲੁਧਿਆਣਾ ਦੀਆਂ ਵਿਦਿਆਰਥਣਾਂ ਵੱਲੋਂ ਗਾਇਆ 'ਤੇਰਾ ਏਕ ਨਾਮੁ ਤਾਰੇ ਸੰਸਾਰ' ਹੈ। ਪ੍ਰੋ. ਕਰਤਾਰ ਸਿੰਘ ਹੋਰਾਂ ਦੀ ਅਗਵਾਈ ਹੇਠ ਵਿਦਿਆਰਥਣਾਂ ਨੇ ਸਿਰੀ ਰਾਗ ਦੇ ਸੁਰਾ ਨੂੰ ਬਾਖੂਬੀ ਪਕੜਿਆ ਹੈ।

ਦੂਸਰਾ ਸ਼ਬਦ 'ਕਵਨ ਗੁਨ ਗਨੀ ਪ੍ਰਿਤਪਾਲ' ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫਾਰ ਵੂਮੈਨ, ਲੁਧਿਆਣਾ ਦੀਆਂ ਵਿਦਿਆਰਥਣਾਂ ਵੱਲੋਂ ਗਾਇਆ ਗਿਆ ਹੈ। ਵਿਦਿਆਰਥਣਾ ਵੱਲੋਂ ਕੀਤੇ ਗਏ ਰਿਆਜ਼ ਨੇ ਅਲਾਪ ਤੇ ਤਾਨਾਂ ਨੂੰ ਬੜਾ ਸੁਰਬੱਧ ਕੀਤਾ ਹੈ। ਤੀਸਰਾ ਸ਼ਬਦ 'ਹਲਤ ਸੁਖ ਪਲਤ ਸੁਖ' ਰਾਮਗੜੀਆ ਗਰਲਜ਼ ਕਾਲਜ ਲੁਧਿਆਣਾ ਦੀਆਂ ਵਿਦਿਆਰਥਣਾਂ ਵੱਲੋਂ ਹੈ।

'ਬੀ' ਸਾਈਡ ਦਾ ਪਹਿਲਾਂ ਸ਼ਬਦ 'ਬੋਲੋ ਭਈਆ ਰਾਮ ਨਾਮ' ਗੌਰਮਿੰਟ ਕਾਲਜ ਫਾਰ ਵੂਮੈਨ, ਲੁਧਿਆਣਾ ਦੀਆਂ ਵਿਦਿਆਰਥਣਾਂ ਵੱਲੋਂ ਪੜਤਾਲ ਵਿਚ ਗਾਇਆ ਗਿਆ, ਜਿਹੜਾ ਕਿ ਵੱਖ ਵੱਖ ਤਾਲਾਂ ਵਿਚ ਸ਼ਬਦ ਗਾਉਣ ਦੀ ਇਕ ਵਧੀਆ ਮਿਸਾਲ ਹੈ। ਇਸ ਤੋਂ ਅਗਲਾ ਸ਼ਬਦ 'ਪ੍ਰਭ ਤੇਰੇ ਪਗ ਕੀ ਧੂਰ' ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ ਦੀਆਂ ਵਿਦਿਆਰਥਣਾਂ ਵੱਲੋਂ ਗਾਇਆ ਗਿਆ ਹੈ।

ਛੇਵਾਂ ਸ਼ਬਦ 'ਪ੍ਰਾਨਪਤਿ ਦਿਆਲ ਪੁਰਖ ਪ੍ਰਭ ਸਖੇ' ਵਿਅਕਤੀਗਤ ਤੌਰ ਤੇ ਕਮਲਪ੍ਰੀਤ ਕੌਰ, ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ, ਲੁਧਿਆਣਾ ਦੀ ਆਵਾਜ਼ ਵਿਚ ਹੈ। ਕਮਲਪ੍ਰੀਤ ਕੌਰ ਦਾ ਗੁਰਬਾਣੀ ਸੰਗੀਤ ਦਾ ਰਿਆਜ਼ ਬੜੇ ਨਿਖਰਵੇਂ ਰੂਪ ਵਿਚ ਸ੍ਰੋਤਿਆਂ ਸਾਹਮਣੇ ਪੇਸ਼ ਕੀਤਾ ਹੈ।

ਅਖੀਰਲਾ ਸ਼ਬਦ-ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੀ ਬੋਬੀ ਨਾਗਪਾਲ ਦੁਆਰਾ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਹੈ।

ਇਸ ਕੈਸਟ ਦੀ ਤਿਆਰੀ ਦੇ ਸਾਰੇ ਉਦਮ ਪਿਛੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵੈਟਨਰੀ ਕਾਲਜ ਵਿਖੇ ਸਹਾਇਕ ਪ੍ਰੋਫੈਸਰ ਡਾ. ਚਰਨਕਮਲ ਸਿੰਘ ਦੀ ਅਹਿਮ ਭੂਮਿਕਾ ਹੈ। ਕੈਸਟ ਦੀ ਜਾਣਕਾਰੀ ਅਤੇ ਸ਼ਬਦਾਂ ਬਾਰੇ ਅਨਾਊਸਮੈਂਟ ਕੈਸਟ ਦੀ ਰਿਕਾਡਿੰਗ ਰਵਿੰਦਰ ਸਿੰਘ ਵੱਲੋਂ ਹੈ। ਸਟੂਡੀਓ ਦੀ ਨਹੀਂ ਸਗੋਂ ਕੀਰਤਨ ਦਰਬਾਰ ਵਿਚ ਕੀਤੀ ਗਈ ਰਿਕਾਰਡਿੰਗ ਹੈ ਜੋ ਫਰਵਰੀ, **91** ਵਿਚ ਅਯੋਜਤ ਹੋਏ ਵਿਦਿਆਰਥੀ ਕੀਰਤਨ ਦਰਬਾਰ ਦੇ ਆਲੌਕਿਕ ਮਾਹੌਲ ਵਿਚ ਵਾਪਸ ਲੈ ਜਾਂਦਾ ਹੈ। ਇਸ ਕੈਸੇਟ ਦਾ ਨਾਮ ਗੁਰਬਾਣੀ ਦੀ ਕਿਸੇ ਤੁੱਕ ਤੇ ਆਧਾਰਿਤ ਨਹੀਂ, ਸਗੋਂ 'ਭਾਈ ਮਰਦਾਨਾ ਯਾਦਗਾਰੀ ਵਿਦਿਆਰਥੀ ਕੀਰਤਨ ਦਰਬਾਰ' ਹੈ ਜਿਹੜਾ ਕਿ ਸਟੱਡੀ ਸਰਕਲ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ।

ਭਾਵੇਂ ਗੁਰਬਾਣੀ ਦੀਆਂ ਕੈਸਟਾਂ ਦੇ ਪਿੜ ਅੰਦਰ ਇਹ ਸਟੱਡੀ ਸਰਕਲ ਦਾ ਪਲੇਠੀ ਯੋਗਦਾਨ ਹੈ ਫਿਰ ਵੀ ਆਉਣ ਵਾਲੇ ਸਮੇਂ ਵਿਚ ਵਿਦਿਆਰਥੀ ਕੀਰਤਨ ਦਰਬਾਰ ਦੀਆਂ ਕੈਸਟਾਂ ਦੀ ਉਡੀਕ ਸ੍ਰੋਤਿਆਂ ਨੂੰ ਬਣੀ ਰਹੇਗੀ। ਕੁਲ ਮਿਲਾ ਕੇ ਇਹ ਚੰਗਾ ਉੱਦਮ ਹੈ ਤੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਦੀ ਵਧੀਆ ਮਿਸਾਲ ਹੈ।

—ਪ੍ਰੋ: ਸਤਿੰਦਰਜੀਤ ਕੌਰ, ਪੰਜਾਬੀ ਵਿਭਾਗ
ਖਾਲਸਾ ਕਾਲਜ ਫਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ

## ਨਿਵੇਕਲੀ ਸੰਸਥਾ-ਸੰਤ ਤ੍ਰਿਲੋਚਨ ਸਿੰਘ ਗੁਰਮਤਿ ਵਿਦਿਆਲਾ

ਵਰਤਮਾਨ ਅੰਤਰ ਰਾਸ਼ਟਰੀ ਰੈਡ ਕਰਾਸ ਸੁਸਾਇਟੀ ਦੇ ਬਾਨੀ ਹੈਨਰੀ ਡਿਊਨਾ ਤੋਂ ਲਗਭਗ ਪੌਣੇ ਦੋ ਸੌ ਸਾਲ ਪਹਿਲਾਂ ਭਾਈ ਘਨੱਈਆ ਜੀ ਭਾਰਤ ਦੀ ਇਕ ਪੁਰਾਤਨ ਧਾਰਮਿਕ ਸੰਸਥਾ ਸੇਵਾ-ਪੰਥੀ ਸੰਪ੍ਰਦਾ ਦੇ ਮੋਢੀ ਹੋਏ ਹਨ। ਇਨ੍ਹਾਂ ਨੂੰ ਰੈਡ ਕਰਾਸ ਦੇ ਇਤਿਹਾਸ ਵਿਚ ਪੰਜਾਬ ਰੈਡ ਕਰਾਸ ਦੇ ਪਿਤਾਮਾ ਮੰਨਿਆ ਗਿਆ ਹੈ।

ਭਾਈ ਘਨੱਈਆ ਜੀ ਨੂੰ ਅਸਲ ਵਿਚ ਅਮਨਦੂਤ, ਸ਼ਾਂਤੀ ਤੇ ਸੇਵਾ ਦੇ ਪੁੰਜ, ਸਮਰ-ਦਰਸ਼ੀ ਅਤੇ ਬ੍ਰਹਮ ਗਿਆਨੀ ਵਜੋਂ ਜਾਣਿਆਂ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨਿਆਂ ਵਿਰੁੱਧ ਲੜੇ ਗਏ ਜੰਗਾਂ-ਯੁੱਧਾਂ ਵਿਚ ਵੈਰੀ-ਮਿੱਤਰ ਨੂੰ ਇਕ ਬਰਾਬਰ ਜਾਣ ਕੇ ਜਲ ਛਕਾਉਣ ਅਤੇ ਮਲ੍ਹਮ-ਪੱਟੀ ਕਰਨ ਦੀ ਅਦੁੱਤੀ ਸੇਵਾ ਕਮਾ ਕੇ ਸੰਸਾਰ ਦੀ ਸਮੁੱਚੀ ਮਾਨਵਤਾ ਨੂੰ 'ਸੇਵਕ ਕਉ ਸੇਵਾ ਆਈ' ਅਤੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਪਾਠ ਦ੍ਰਿੜ ਕਰਵਾਇਆ।

ਸੇਵਾ ਪੰਥ ਸ੍ਰੋਮਣੀ ਭਾਈ ਘਨੱਈਆ ਜੀ ਦੀ ਸਮਦ੍ਰਿਸ਼ਟੀ ਭਾਵਨਾ ਸੇਵਾ ਅਤ ਸਿਮਰਨ ਨਾਲ ਭਰਪੂਰ ਸੇਵਾ ਪੰਥੀ ਮਹਾਂਪੁਰਸ਼ਾਂ ਨੇ ਜਿਥੇ ਗੁਰਮਤਿ ਅਤੇ ਗੁਰਮਰਿਆਦਾ ਦੀ ਪਾਲਣਾ ਵਿਚ ਜਬਰਦਸਤ ਯੋਗਦਾਨ ਦਿੱਤਾ ਉਥੇ ਹੀ ਵਿਦਿਆ ਪ੍ਰਚਾਰ ਵਿਚ ਵੀ ਉਨ੍ਹਾਂ ਦਾ ਯੋਗਦਾਨ ਅਮੁੱਲ ਰਿਹਾ ਹੈ। ਸੇਵਾ ਪੰਥ ਦੇ ਮਹਾਨ ਵਿਭੂਸ਼ਨ ਸ੍ਰੀਮਾਨ ਸੰਤ ਨਿਸਚਲ ਸਿੰਘ ਮਹਾਰਾਜ ਦਾ ਇਸ ਦਿਸ਼ਾ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਸੰਤ

ਜੀ ਮਹਾਰਾਜ ਨੇ ਪਟਨਾ, ਅਸਾਮ, ਕਲਕੱਤਾ ਆਦਿ ਵਿਚ ਵਿਸ਼ੇਸ਼ ਕਰਕੇ ਯਮੁਨਾ ਨਗਰ ਵਿਚ ਅਨੇਕਾਂ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ। ਸੰਤ ਮਹਾਰਾਜ ਨੇ ਜਿੰਨੀਆਂ ਸੰਸਥਾਵਾਂ ਖੋਲ੍ਹੀਆਂ ਉਹ ਗੁਰੂ ਨਾਨਕ ਦੇ ਨਾਂ 'ਤੇ ਸ਼ੁਰੂ ਕੀਤੀਆਂ ਪਰ ਉਨ੍ਹਾਂ ਦੇ ਚੇਲੇ 'ਸੰਤ ਤ੍ਰਿਲੋਚਨ ਸਿੰਘ ਨੇ ਸੰਤ ਨਿਸਚਲ ਸਿੰਘ ਪਬਲਿਕ ਸਕੂਲ ਦੀ ਸਥਾਪਨਾ" ਕਰਕੇ ਜਿਥੇ ਨਗਰ ਵਾਸੀਆਂ ਨੂੰ ਇਕ ਲਾਜਵਾਬ ਤੋਹਫਾ ਦਿੱਤਾ ਉਥੇ ਇਕ ਨਵੀਂ ਪਰੰਪਰਾ ਵੀ ਆਰੰਭ ਕੀਤੀ।

ਸੰਤ ਤ੍ਰਿਲੋਚਨ ਸਿੰਘ ਦੇ ਸਵਰਗਵਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਚੇਲਿਆਂ ਸੰਤ ਜਗਮੋਹਨ ਸਿੰਘ ਅਤੇ ਸੰਤ ਕਰਮਜੀਤ ਸਿੰਘ ਜੋ ਕਿ ਇਸ ਸਮੇਂ ਡੇਰਾ ਸੰਤਪੁਰਾ ਦੀ ਸੇਵਾ ਸੰਭਾਲ ਕਰ ਰਹੇ ਹਨ, ਨੇ ਉਨ੍ਹਾਂ ਦੀ ਯਾਦ ਵਿਚ 'ਸੰਤ ਤ੍ਰਿਲੋਚਨ ਸਿੰਘ ਗੁਰਮਤਿ ਵਿਦਿਆਲਾ' ਦੀ ਸਥਾਪਨਾ ਕੀਤੀ ਹੈ। ਜਿਸ ਵਿਚ ਗਰੀਬ ਬੱਚਿਆਂ ਨੂੰ ਵਿਸ਼ੇਸ਼ ਕਰਕੇ ਅਪੰਗ ਬੱਚਿਆਂ ਨੂੰ ਗੁਰਬਾਣੀ ਦਾ ਪਾਠ, ਸਿੱਖ ਇਤਿਹਾਸ, ਗੁਰਬਾਣੀ ਸੰਗੀਤ (ਤੰਤੀ ਸਾਜ਼ਾਂ ਦੁਆਰਾ) ਸਿੱਖਿਆ ਦਿੱਤੀ ਜਾਵੇਗੀ। ਜਿਹੜੇ ਬੱਚੇ ਦਸਤਕਾਰੀ ਦੀ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹੋਣ ਉਨ੍ਹਾਂ ਨੂੰ ਮੋਟਰ ਮਕੈਨਿਕ, ਖਰਾਦ, ਪ੍ਰਿੰਟਿੰਗ ਪ੍ਰੈਸ, ਕਾਰਪੈਂਟਰ, ਸਿਲਾਈ ਦਾ ਕੰਮ, ਗਿਆਨੀ ਦਾ ਕੋਰਸ ਕਰਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਸੰਤ ਕਰਮਜੀਤ ਸਿੰਘ ਨੇ ਦੱਸਿਆ ਕਿ 'ਗ੍ਰੰਥੀ ਦਾ ਕੋਰਸ' ਕਰਨ ਵਾਲੇ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਦੀ ਕਥਾ, ਪ੍ਰਮਾਣਿਤ ਬਾਣੀਆਂ ਦਾ ਅਧਿਐਨ ਕਰਵਾ ਕੇ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਸਥਾਪਤ ਕਰਵਾਉਣ ਦੇ ਯਤਨ ਕੀਤੇ ਜਾਣਗੇ। ਇਸ ਸੰਸਥਾ ਵਿਚ ਪੜ੍ਹਨ ਵਾਲੇ ਵਿਦਿਆਰਥੀ ਜੋ ਕਿ ਵੱਖ ਵੱਖ ਫਿਰਕੇ ਦੇ ਹਨ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੀ ਸਿੱਖਿਆ ਦੇਣ ਤੇ ਉਨ੍ਹਾਂ ਦੇ ਖਾਣ-ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਡੇਰਾ ਸੰਤ ਪੁਰਾ ਵੱਲੋਂ ਕੀਤਾ ਗਿਆ ਹੈ। ਇਸ ਸਮੇਂ ਵਿਦਿਆਲੇ ਵਿਚ 23 ਬੱਚੇ ਗੁਰਮਤਿ ਦੀ ਸਿੱਖਿਆ ਲੈ ਰਹੇ ਹਨ ਜਿਨ੍ਹਾਂ ਦੀ ਸਰੀਰਕ ਦੇਖ ਭਾਲ ਲਈ ਚੰਗੇ ਡਾਕਟਰਾਂ ਅਤੇ ਹਸਪਤਾਲ ਦਾ ਪ੍ਰਬੰਧ ਹੈ। ★

# ਗੁਰੂ ਨਾਨਕ ਅਤੇ ਸੰਗੀਤ

—ਹਰਜਾਪ ਸਿੰਘ

ਸੰਗੀਤ ਇਕ ਅਜਿਹਾ ਕੋਮਲ ਹੁਨਰ ਹੈ ਜਿਸ ਦੇ ਪ੍ਰਭਾਵ ਤੋਂ ਸ਼ਾਇਦ ਕੋਈ ਮੰਦ ਭਾਗਾ ਇਨਸਾਨ ਹੀ ਮੁਤਆਸਰ ਹੋਣੋਂ ਬਚਿਆ ਹੋਵੇ। ਇਕ ਪਾਸੇ ਕਾਵਿ ਰਚਨਾ ਦੀ ਸੁੰਦਰਤਾ ਦੂਜੇ ਪਾਸੇ ਤਰਜ਼ ਦਾ ਜਾਦੂ ਤੀਜੇ ਪਾਸੇ ਗਾਉਣ ਵਾਲੇ ਦੀ ਜ਼ਬਾਨ ਦੀ ਸ਼ੀਰੀ। ਇਹ ਸਾਰੇ ਗੁਣ ਗਾਇਨ ਨੂੰ ਅਤਿਅੰਤ ਪ੍ਰਭਾਵਸ਼ਾਲੀ ਬਣਾ ਦੇਂਦੇ ਹਨ।

ਸੰਗੀਤ ਦੇ ਇਸ ਆਕਰਸ਼ਣ ਦੀ ਪ੍ਰਕਿਰਤੀ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਅਨੁਭਵ ਕੀਤਾ। ਉਨ੍ਹਾਂ ਦਵਾਰਾ ਰਚਿਤ ਇਲਾਹੀ ਬਾਣੀ ਦੇ ਮਿਠੜੇ ਬੋਲ ਜਦੋਂ ਉਨ੍ਹਾਂ ਦੇ ਮੁਖਾਰ ਬਿੰਦ ਤੋਂ ਉਚਰਦੇ ਸਨ ਅਤੇ ਸੰਗ ਵਜੋਂ ਭਾਈ ਮਰਦਾਨਾ ਤੰਤੀ ਸਾਜ਼ ਤੇ ਮਧੁਰ ਸੁਰਾਂ ਕੱਢਦੇ ਸਨ ਤਾਂ ਸਾਡੇ ਜਿਹੇ ਅਦਨੇ ਇਨਸਾਨ ਭੀ ਵੱਜਦ ਵਿਚ ਆ ਕੇ ਵਿਸਮਾਦ ਦੀ ਅਵਸਥਾ ਵਿਚ ਪੁੱਜ ਜਾਂਦੇ ਸਨ। ਇਕ ਪਾਸੇ ਬਾਬਾ ਅਕਾਲ ਰੂਪ ਦੂਜੇ ਪਾਸੇ ਮਰਦਾਨਾ ਰਬਾਬੀ ਇਹ ਇਕ ਇਲਾਹੀ ਜੋੜੀ ਸੀ। ਜਿਨ੍ਹਾਂ ਨੇ ਇਸ ਜੋੜੀ ਦੇ ਕੀਰਤਨ ਦਾ ਰੂਬਰੂ ਅਨੰਦ ਮਾਣਿਆ ਹੈ ਉਹਨਾਂ ਦੀ ਹਾਜ਼ਰੀ ਸੱਚੇ ਦਰਬਾਰ ਵਿਚ ਲੱਗ ਗਈ ਹੈ। ਉਹ ਘੜੀ ਮੁਬਾਰਿਕ ਸੀ ਜਦੋਂ ਸੰਗਤਾਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਤੱਖ ਦੀਦਾਰੇ ਕੀਤੇ।

ਗੁਰੂ ਨਾਨਕ ਪਾਤਸ਼ਾਹ ਦੀ ਜੋਤ ਗੁਰੂ ਅੰਗਦ ਦੇਵ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਤਾਈਂ ਸਭ ਨੇ ਗੁਰੂ ਦਰਬਾਰ ਵਿਚ ਰੱਬੀ ਬਾਣੀ ਦਾ ਪਰਵਾਹ ਕੀਰਤਨ ਦੇ ਮਾਧਿਅਮ ਰਾਹੀਂ ਬਰਕਰਾਰ ਰੱਖਿਆ। ਗੁਰੂ ਨਾਨਕ ਦੇਵ ਜੀ ਦਵਾਰਾ ਉਚਾਰੇ ਰਾਗਾਂ ਦੀ ਪ੍ਰਥਾ ਨੂੰ ਅੱਗੋਂ ਹੋਰ ਭੀ ਵਸੀਹ ਕੀਤਾ। ਉਨ੍ਹਾਂ ਵਕਤਾਂ ਦੀ ਰਾਗ ਸ਼ੈਲੀ ਧਰੁਪਦ ਅਤੇ ਲੋਕ ਸੰਗੀਤ ਦਾ ਮਿਸ਼ਰਣ ਜਾਪਦੀ ਹੈ।

ਇਹ ਦਾਅਵੇ ਨਾਲ ਨਹੀਂ ਆਖਿਆ ਜਾ ਸਕਦਾ ਕਿ ਗੁਰੂ ਨਾਨਕ ਅਤੇ ਉਨ੍ਹਾਂ ਦੀ ਜੋਤ ਹੋਰ ਪਾਤਸ਼ਾਹੀਆਂ ਦਵਾਰਾ ਗਾਇਨ ਕੀਤੀਆਂ ਕਿੰਨੀਆਂ ਕੁ ਸ਼ਬਦ ਧੁਨਾਂ ਇਸ ਵਕਤ ਵੀਹਵੀਂ ਸਦੀ ਦੇ ਅੰਤਮ ਬਰਸਾਂ ਵਿਚ ਜੀਵਤ ਹਨ। ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਰਿਕਾਰਡਿੰਗ ਵਿਗਿਆਨ ਦਾ ਜਨਤਾ ਨੂੰ ਕੋਈ ਪਤਾ ਥੋਹ ਨਹੀਂ ਸੀ। ਉਨ੍ਹਾਂ ਦੇ ਸਮੇਂ ਦੀਆਂ ਧੁਨਾਂ ਬਾਰੇ ਕਿਆਸ ਆਰਾਈ ਹੀ ਕੀਤੀ ਜਾ ਸਕਦੀ ਹੈ।

ਅੱਜ ਦੇ ਸਮੇਂ ਦਾ ਕੋਈ ਕੋਈ ਰਾਗੀ ਸਿੰਘ ਇਹ ਦਾਅਵਾ ਕਰ ਸਕਦਾ ਹੈ ਕਿ ਉਸ ਕਲ ਪੁਰਾਤਨ ਸਮੇਂ ਦੀਆਂ ਅਤੇ ਗੁਰੂ ਸਹਿਬਾਨ ਦੇ ਕਾਲ ਦੀਆਂ ਸ਼ਬਦ ਰੀਤਾਂ ਮੌਜੂਦ ਹਨ। ਉਨ੍ਹਾਂ ਦੇ ਦਾਅਵੇ ਨੂੰ ਨਾ ਹੀ ਸਬੂਤ ਦੀ ਗੈਰ ਮੌਜੂਦਗੀ ਵਿਚ ਅਪਰਵਾਨ ਹੀ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਨਜ਼ਰ ਅੰਦਾਜ਼ ਕੀਤਾ ਜਾ

ਸਕਦਾ ਹੈ। ਖੈਰ ਜੋ ਭੀ ਹੈ ਉਨ੍ਹਾਂ ਖਾਸ ਖਾਸ ਰੀਤਾਂ ਨੂੰ ਸੁਣ ਕੇ ਮਨ ਵਿਸਮਾਦ ਦੀਆਂ ਗਹਿਰਾਈਆਂ ਵਿਚ ਗੁੰਮ ਹੋ ਜਾਂਦਾ ਹੈ। ਜਿਸ ਤਰ੍ਹਾਂ ਇਹ ਪੁਰਾਤਨ ਰੀਤਾਂ ਪ੍ਰਭਾਵਸ਼ਾਲੀ ਹਨ ਉਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਸੰਗੀਤ ਨਹਾਇਤ ਪੁਖ਼ਤਾ ਬੁਨਿਆਦ ਤੇ ਤਾਮੀਰ ਕੀਤਾ ਗਿਆ ਸੀ। ਧੰਨ ਹਨ ਉਹ ਜੀਵ ਜੋ ਉਨ੍ਹਾਂ ਸਮਿਆਂ ਵਿਚ ਇਸ ਪ੍ਰਿਥਵੀ ਤੇ ਮੌਜੂਦ ਸਨ ਅਤੇ ਜਿਨ੍ਹਾਂ ਨੂੰ ਗੁਰੂ ਨਾਨਕ ਦੇ ਸੰਗੀਤ ਦੀ ਛੋਹ ਪ੍ਰਾਪਤ ਸੀ। ਗੁਰੂ ਨਾਨਕ ਦੇ ਨੂਰੀ ਚਿਹਰੇ ਦੇ ਦੀਦਾਰੇ ਪ੍ਰਾਪਤ ਸਨ .

ਅੱਜ ਕਲ੍ਹ ਸੰਗੀਤ ਦਾ ਸਰੂਪ ਬਦਲ ਰਿਹਾ ਹੈ। ਧਰੁਪਦ ਸ਼ੈਲੀ ਦੇ ਅਸ-ਥਾਨ ਤੇ ਅੱਜ ਖ਼ਿਆਲ ਨੁਮਾ ਸ਼ੈਲੀ ਪ੍ਰਧਾਨ ਸਮਝੀ ਜਾਂਦੀ ਹੈ। ਅੱਜ ਕੱਲ੍ਹ ਦੇ ਰਾਗੀ ਸਿੰਘ ਵਧੇਰੇ ਕਰਕੇ ਤਿੰਨ ਤਾਲ ਵਿਚ ਅਲਾਪ, ਵਿਲੰਬਤ ਅਤੇ ਧਰੁੱਤ ਲੈਆਂ ਵਿਚ ਖਿਆਲ ਦਾ ਢਾਂਚਾ ਮੁਕੰਮਲ ਕਰਕੇ ਸ਼ਬਦ ਗਾਇਨ ਕਰਦੇ ਹਨ। ਗੁਰੂ ਸਹਿਬਾਨ ਦੇ ਵਕਤਾਂ ਵਿਚ ਸ਼ਾਇਦ ਅਜਿਹੀ ਸ਼ੈਲੀ ਅਜੇ ਪ੍ਰਫੁੱਲਤ ਨਹੀਂ ਸੀ ਹੋਈ, ਸ਼ਾਇਦ ਵਜੂਦ ਵਿਚ ਹੀ ਨਾ ਆਈ ਹੋਵੇ। ਖਿਆਲੀ ਢੰਗ ਦੀ ਕੀਰਤਨ ਸ਼ੈਲੀ ਨੂੰ ਅਪਰਵਾਨ ਕਰਨਾ ਸ਼ਾਇਦ ਉਚਿਤ ਨਾ ਹੋਵੇ। ਇਸ ਸ਼ੈਲੀ ਵਿਚ ਰਾਗ ਦਾ ਸਰੂਪ ਅਤੇ ਉਸ ਦੇ ਵਿਆਕਰਣ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਂਦਾ। ਰਾਗ ਭਾਵੇਂ ਕਿਸੇ ਭੀ ਪੱਧਤੀ ਅਨੁਸਾਰ ਅਲਾਪਿਆ ਜਾਂ ਗਾਇਆ ਜਾਵੇ ਉਸ ਨਾਲ ਗਲੇ ਵਿਚ ਰਵਾਨਗੀ ਆਉਂਦੀ ਹੈ ਅਤੇ ਸੁਰ ਦੀ ਨੀਂਹ ਪੱਕੀ ਹੁੰਦੀ ਹੈ। ਇਹ ਅਖਾਣ ਠੀਕ ਹੈ ਕਿ 'ਰਾਗ ਗਾਉਣ ਵਾਲਾ ਮੌਤ ਤੋਂ ਪਹਿਲਾਂ ਨਹੀਂ ਮਰਦਾ।' ਭਾਵ ਇਹ ਕਿ ਰਾਗ ਗਾਉਣ ਵਾਲਾ ਮਰਦੇ ਦਮ ਤੀਕ ਗਾਉਂਦਾ ਰਹਿੰਦਾ ਹੈ। ਬੁਢੇਪੇ ਨਾਲ ਉਸ ਦੀ ਆਵਾਜ਼ ਦਾ ਜਾਦੂ ਮੱਧਮ ਨਹੀਂ ਪੈਂਦਾ। ਮਿਸਾਲ ਦੇ ਤੌਰ ਤੇ, ਭਾਈ ਸਮੁੰਦ ਸਿੰਘ ਜੀ ਮਰਦੇ ਦਮ ਤੱਕ ਕੀਰਤਨ ਉਸੇ ਹੀ ਵਿਲੱਖਣਤਾ ਨਾਲ ਕਰਦੇ ਸਨ ਜੋ ਉਨ੍ਹਾਂ ਦੇ ਜੀਵਨ ਕਾਲ ਦੀ ਨਿਸ਼ਾਨੀ ਬਣ ਚੁੱਕਾ ਸੀ।

ਸ਼ਾਇਦ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੁਰਾਤਨ ਸਮੇਂ ਵਿਚ ਲੈਅ ਬੈਠਵੀਂ ਜਾਂ ਆਹਿਸਤਾ ਹੁੰਦੀ ਸੀ। ਉਨ੍ਹਾਂ ਦਿਨਾਂ ਵਿਚ ਅੱਜ ਕੱਲ੍ਹ ਦੇ ਸਮੇਂ ਵਰਗੀ ਤੇਜ਼ ਰਫਤਾਰ ਜ਼ਿੰਦਗੀ ਨਹੀਂ ਸੀ ਹੁੰਦੀ ਜਿਸ ਵਿਚ ਦਿਨ ਰਾਤ ਦੌੜ ਹੀ ਲੱਗੀ ਰਹਿੰਦੀ ਹੈ। ਲੋਕਾਂ ਦੀ ਸੰਤੁਸ਼ਟਤਾ ਵਾਲੀ ਪਰਵਿਰਤੀ ਸੀ। ਅਜਿਹੇ ਕਾਲ ਵਿਚ ਕੋਮਲ ਹੁਨਰਾਂ ਦੀ ਪਹਿਚਾਣ ਅਤੇ ਉਨ੍ਹਾਂ ਨੂੰ ਸਲਾਹੁਣ ਦੀ ਸਮਰੱਥਾ ਲੋਕਾਂ ਵਿਚ ਪੈਦਾ ਹੋਣ ਦੀ ਸੰਭਾਵਨਾਂ ਵਧੇਰੇ ਸੀ। ਲੋੜਾਂ ਘੱਟ ਸਨ ਅਤੇ ਪ੍ਰਾਪਤੀ ਜੇ ਲੋੜਾਂ ਤੋਂ ਘੱਟ ਭੀ ਹੋਵੇ ਫੇਰ ਭੀ ਸੰਤੁਸ਼ਟਤਾ ਕਾਇਮ ਰਹਿੰਦੀ ਸੀ।

ਗੁਰਬਾਣੀ ਵਿਚ ਏਨੀ ਕਸ਼ਿਸ਼ ਹੈ ਕਿ ਅੱਜ ਭੀ ਜਦੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਦਰਸ਼ਨੀ ਡਿਓਹੜੀ ਦੀ ਦਹਿਲੀਜ਼ ਟੱਪੀ ਦੀ ਹੈ ਅਤੇ ਅੰਮ੍ਰਿਤ★

# ਰਾਗ ਬਸੰਤ ਸੂਲਫ਼ਾਕ (ਦਰੁੱਤ ਲਯ)

ਧੰਨਵਾਦ ਸਹਿਤ ਪ੍ਰਿੰ. ਦਿਆਲ ਸਿੰਘ ਜੀ

ਅਸਥਾਈ

| × | | 0 | | 2 | | 3 | | 0 | |
|---|---|---|---|---|---|---|---|---|---|
| ਧੁ | | ਸੰ | | | | | | | |
| ਮੰ | ਧੁ | ਨ | ਸ | ਰੰ_ | — | ਸ | — | — | — |
| ਮੋ | ਹਾ | ਪ੍ਰ | ਭ | ਮਉ | S | ਲਿਆ | S | S | S |
| ਨ | ਧੁ | ਰੰ_ | ਨ | ਧੁ | — | ਪ | — | — | — |
| ਸ | ਦ | S | ਬ | ਸੰ | S | ਤ | S | S | S |
| ਮੰ | | | | | | | | | |
| ਪ | ਪ | ਮ | ਗ | ਮੱ | ਗ | ਰੁ | ਸ | ਸ | ਸ |
| ਇ | ਹ | ਮ | ਨ | ਮਉ | S | ਲਿਆ | S | ਗਾ | ਇ |
| ਮ | ਮ | — | ਮ | ਮ | ਮੱਮ | ਗ | — | — | — |
| ਗੁ | ਣ | S | ਗ | ਬਿੰ | SS | ਦ | S | S | S |

ਅੰਤਰਾ

| | | | | | | | | | |
|---|---|---|---|---|---|---|---|---|---|
| ਧੁ | | | | | | | | | |
| ਮੰ | — | ਧੁ | ਮੱਧੁ | ਸੰ | — | ਸੰ | — | — | — |
| ਅੰ | S | ਤ | ਨS | ਪੂ | S | ਜਾ | S | S | S |
| ਨ | | | | | | | | | |
| ਸੰ | ਸ | ਨ | ਧੁ | ਰੰ_ | — | ਸੰ | — | — | — |
| ਮ | ਨ | ਤੇ | S | ਹੇ | S | ਇ | S | S | S |
| ਸੰ | ਗੰ | ਗੰ | ਮੱ | ਗੰ | ਰੰ_ | ਸੰ | — | — | — |
| ਏ | S | ਕੰ | S | ਵੇ | S | ਖੈ | S | S | S |
| ਨ | | | | | | | | | |
| ਸੰ | — | ਨ | ਧੁ | ਰੰ_ | ਨ | ਧੁ | — | ਪ | — |
| ਅਉ | S | ਰ | ਨ | ਕੋ | S | ਇ | S | S | S |

—ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ।

★ਸਰੋਵਰ ਦੇ ਚੌਗਿਰਦੇ ਪ੍ਰਕਰਮਾਂ ਤੇ ਪੈਰ ਧਰੀ ਦੇ ਹਨ ਉਸ ਵਕਤ ਜਦੋਂ ਸੁਨਹਿਰੀ ਹਰਿਮੰਦਰ ਵਿੱਚੋਂ ਤਾਂਘਾਂ ਭਰੀਆਂ ਸੁਰਾਂ ਕੰਨੀਂ ਪੈਂਦੀਆਂ ਹਨ ਤਾਂ ਮਨ ਇਕ ਅਜਬ ਦੁਨੀਆ ਵਿਚ ਪਹੁੰਚ ਜਾਂਦਾ ਹੈ। ਸੰਸਾਰਕ ਝੰਜਟਾਂ ਦੇ ਸਭ ਦੁੱਖ ਦੂਰ ਹੋ ਜਾਂਦੇ ਹਨ। ਮਨ ਸਹੀ ਅਰਥਾਂ ਵਿਚ ਵਿਸਮਾਦ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਹ ਬਾਬੇ ਨਾਨਕ ਦੀ ਅਪਾਰ ਕਿਰਪਾ ਦੇ ਨਜ਼ਾਰੇ ਹਨ। ਧੰਨ ਨਾਨਕ ਤੇਰੀ ਵੱਡੀ ਕਮਾਈ।

## ਬਸੰਤ ਮਹਲਾ ੩ ਪੰਨਾ ੧੧੭੩

ਅੰਤਰਿ ਪੂਜਾ ਮਨ ਤੇ ਹੋਇ । ਏਕੋ ਵੇਖੈ ਅਉਰੁ ਨ ਕੋਇ ।
ਦੂਜੈ ਲੋਕੀ ਬਹੁਤ ਦੁਖੁ ਪਾਇਆ । ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥
ਮੇਰਾ ਪ੍ਰਭੁ ਮਉਲਿਆ ਸਦ ਬਸੰਤੁ । ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥ ੧॥ ਰਹਾਉ ॥
ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ । ਤਾਂ ਪ੍ਰਭ ਸਾਚੇ ਲਗੈ ਪਿਆਰ ॥
ਆਪੁ ਛੋਡਿ ਹੋਹਿ ਦ ਸਤ ਭਾਇ । ਤਉ ਜਗ ਜੀਵਨੁ ਵਸੈ ਮਨਿ ਆਇ ।੨।
ਭਗਤਿ ਕਰੇ ਸਦ ਵੇਖੈ ਹਜੂਰਿ । ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥
ਇਸੁ ਭਗਤੀ ਕਾ ਕੋਈ ਜਾਣੈ ਭੇਉ । ਸਭੁ ਮੇਰਾ ਪ੍ਰਭੁ ਆਤਮ ਦੇਉ ॥੩॥
ਆਪੇ ਸਤਿਗੁਰੁ ਮੇਲਿ ਮਿਲਾਏ । ਜਗ ਜੀਵਨ ਸਿਉ ਆਪਿ ਚਿਤੁ ਲਾਏ ॥
ਮਨੁ ਤਨੁ ਹਰਿਆ ਸਹਜਿ ਸੁਭਾਏ । ਨਾਨਕ ਨਾਮਿ ਰਹੇ ਲਿਵ ਲਾਏ ।੪।

**ਅਰਥ** :-ਹੇ ਭਾਈ ! ਸਦਾ ਆਨੰਦ ਸਰੂਪ ਮੇਰਾ ਪਰਮਾਤਮਾ (ਹਰ ਥਾਂ) ਆਪਣਾ ਪ੍ਰਕਾਸ਼ ਕਰ ਰਿਹਾ ਹੈ । ਉਸ ਪਰਮਾਤਮਾ ਦੇ ਗੁਣ ਗਾ ਗਾ ਕੇ (ਮੇਰਾ) ਇਹ ਮਨ ਸਦਾ ਖਿੜਿਆ ਰਹਿੰਦਾ ਹੈ ।੧। ਰਹਾਉ ।

ਹੇ ਭਾਈ ! (ਜਿਹੜਾ ਭੀ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਹੈ) ਉਸ ਦੇ ਅੰਦਰ ਹੀ ਜੁੜੇ ਮਨ ਨਾਲ ਪਰਮਾਤਮਾ ਦੀ ਭਗਤੀ ਹੁੰਦੀ ਰਹਿੰਦੀ ਹੈ, (ਉਹ ਮਨੁੱਖ ਹਰ ਥਾਂ) ਸਿਰਫ ਪਰਮਾਤਮਾ ਨੂੰ (ਵੱਸਦਾ) ਵੇਖਦਾ ਹੈ, (ਕਿਤੇ ਭੀ ਪਰਮਾਤਮਾ ਤੋਂ ਬਿਨਾਂ) ਕਿਸੇ ਹੋਰ ਨੂੰ ਨਹੀਂ ਵੇਖਦਾ । ਹੇ ਭਾਈ ! ਦੁਨੀਆਂ ਨੇ ਮਾਇਆ ਦੇ ਮੋਹ ਵਿਚ ਫਸ ਕੇ ਸਦਾ ਬਹੁਤ ਦੁੱਖ ਪਾਇਆ ਹੈ, ਪਰ ਗੁਰੂ ਨੇ (ਮਿਹਰ ਕਰ ਕੇ) ਮੈਨੂੰ ਸਿਰਫ ਪਰਮਾਤਮਾ ਹੀ (ਹਰ ਥਾਂ ਵੱਸਦਾ) ਵਿਖਾ ਦਿੱਤਾ ਹੈ (ਤੇ, ਮੈਂ ਦੁੱਖ ਤੋਂ ਬਚ ਗਿਆ ਹਾਂ) ।੨।

ਹੇ ਭਾਈ ! (ਤੁਸਾਂ ਭੀ ਜੇ ਦੁੱਖਾਂ ਤੋਂ ਬਚਣਾ ਹੈ, ਤਾਂ) ਗੁਰੂ ਦੀ ਸਿੱਖਿਆ ਲਵੋ, ਤੇ, ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਈ ਰੱਖੋ, (ਜਦੋਂ ਪ੍ਰਭੂ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਉਗੇ) ਤਦੋਂ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨਾਲ (ਤੁਹਾਡਾ) ਪਿਆਰ ਬਣ ਜਾਇਗਾ । ਹੇ ਭਾਈ ਜੇ ਤੂੰ ਆਪਾ ਭਾਵ (ਹਉਮੈ) ਛੱਡ ਕੇ ਸੇਵਕ ਸੁਭਾਵ ਵਿਚ ਟਿਕਿਆ ਰਹੇ ਤਾਂ ਜਗਤ ਨੂੰ ਪੈਦਾ ਕਰਨ ਵਾਲਾ ਪ੍ਰਮਾਤਮਾ (ਤੇਰੇ) ਮਨ ਵਿਚ ਆ ਵਸੇਗਾ ।੨।

ਹੇ ਭਾਈ ! ਜਿਹੜਾ ਮਨੁੱਖ ਪਰਮਾਤਮਾ ਦੀ ਭਗਤੀ ਕਰਦਾ ਹੈ, ਉਹ ਪਰਮਾਤਮਾ ਨੂੰ ਸਦਾ ਆਪਣੇ ਅੰਗ-ਸੰਗ ਵੱਸਦਾ ਵੇਖਦਾ ਹੈ, ਪਿਆਰਾ ਪ੍ਰਭੂ ਉਸ ਨੂੰ ਹਰ ਥਾਂ ਵਿਆਪਕ ਦਿੱਸਦਾ ਹੈ । ਹੇ ਭਾਈ ! ਜਿਹੜਾ ਭੀ ਮਨੁੱਖ ਪਰਮਾਤਮਾ ਦੀ ਇਸ ਭਗਤੀ (ਦੇ ਕੌਤਕ) ਦਾ ਭੇਤ ਸਮਝ ਲੈਂਦਾ ਹੈ, ਉਸ ਨੂੰ ਪਰਮਾਤਮਾ ਹਰ ਥਾਂ ਵੱਸਦਾ ਦਿਸ ਪੈਂਦਾ ਹੈ ।੩।

ਪਰ, ਹੇ ਭਾਈ ! (ਭਗਤੀ ਦੀ ਦਾਤਿ ਉਸ ਦੀ ਆਪਣੀ ਮਿਹਰ ਨਾਲ ਹੀ ਮਿਲਦੀ ਹੈ) ਜਗਤ ਦਾ ਪ੍ਰਭੂ ਆਪ ਹੀ (ਮਨੁੱਖ ਨੂੰ) ਗੁਰੂ ਮਿਲਾ ਕੇ (ਆਪਣੇ ਚਰਨਾਂ ਵਿਚ) ਜੋੜਦਾ ਹੈ, ਉਹ ਆਪ ਹੀ ਮਨੁੱਖ ਦਾ ਚਿੱਤ ਆਪਣੇ ਨਾਲ ਜੋੜਦਾ ਹੈ । (ਬਾਕੀ ਸਫਾ 34 ਤੇ)

A notation for students in abroad

# Raag Suhee in Teen Taal

—Se ma Kaur, Newzealand

Sai Sanjog Karo Mere Piare
Jit Rasna Harnam Oocharey
Sun Beanti Prabh Deen Diyaala
Saadh Gaveh Gun Sada Rasaala (Rahao)
Jeevan Roop Simran Prabh Tera
Jis Kirpa Kareh Baseh Tis Nera
Jun Ke Bhookh Tera Nam Aahaar
Too Data Prabh Devanhaar
Ram Ramat Santan Sukh Mana
Nanak Devanhar Sujana (Page 743)

## Translation

May there be such a blessed time, O My Beloved,
When I may utter the Name of God with my tongue.
Listen to my prayer, O Lord, mericiful of the meek.
Saints ever sing the praises of the Lord, the Source of Nectar.
Beautiful is the life of one who dwells on You, O God.
You stay close to the one on whom You bestow Your Mercy.
The hunger of Your servant is satisfied by Your Name.
You are the giver, O Beneficient Lord.
By uttering Ram, the name of God, the saints get peace.
O Nanak, the Lord is the Giver of All and the Knower of All.

## Asthaee

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | S | — | GM | P |
| | | | | | | | | | | | | Sai | — | Sa | n |
| D | — | P | M | G | — | R | RS | R | — | S | — | — | SS | -M | GM |
| j | o | g | Ka | ro | — | Me | re | Pi | a | re | y | — | Ji | tRa | s |
| P | — | p | D | S | — | S | R | S- | SN | DP | — | | | | |
| na | —· | Ha | r | na | a | m | Oo | ch | a- | re | y | | | | |

## Antra

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | M | | P | -D |
| | | | | | | | | | | | | Su | | nBe | an |
| S | — | S | S | R | — | R | R | S | R | S | — | NDP | P | -M | GM |
| ti | — | Pra | bh | De | e | n | Di | ya | a | la | — | --- | Sa | adh | Ga |
| P | — | P | D | S | S | — | R | SN | SN | DP | — | — | | | |
| ve | h | Gu | n | Sa | da | — | Ra | Sa | a | la | — | — | | | |

□

# ਸੁਰ

ਸੁਰ :—22 ਸ਼ਰੁਤੀਆਂ ਦਾ ਅੰਤਰ ਕਿਉਂਕਿ ਆਪਸ ਵਿੱਚ ਬਹੁਤ ਘੱਟ ਅਤੇ ਇਸ ਦੀ ਸਾਧਨਾ ਕਰਨਾ ਵੀ ਹਰ ਇੱਕ ਲਈ ਮੁਸ਼ਕਿਲ ਸੀ। ਇਸ ਨ ਸਧਾਰਨ ਵਿਹਾਰ ਲਈ ਸੰਗੀਤਕਾਰਾਂ ਨੇ ਇਨ੍ਹਾਂ 22 ਸ਼ਰੁਤੀਆਂ ਵਿਚੋਂ ਭਿੰਨ ਭਿੰਨ ਸ਼ਰੁਤੀਆਂ ਨੂੰ ਮੁੱਖ ਸੁਰਾਂ ਦਾ ਨਾਮ ਦੇ ਦਿੱਤਾ ਜਿਸ ਦਾ ਸਪਤਕ ਦੇ ਪ ਵਿੱਚ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਮੁੱਖ ਸੱਤ ਸੁਰਾ ਦੀ ਅਤੇ ਪੰਜ ਮਲ ਤੇ ਤੀਬਰ ਸੁਰਾਂ ਦੀ ਸਥਾਪਨਾ ਲਈ ਸ਼ਰੁਤੀਆਂ ਦੀ ਦੂਰੀ ਦਾ ਨਿਯਮ ਨੁਸਾਰ ਅੰਤਰ ਰੱਖਿਆ ਗਿਆ ਅਤੇ ਉਹਨਾਂ ਮੁੱਖ ਸੁਰਾਂ ਦਾ ਵਿਹਾਰਕ ਅਤੇ ਸਤਰੀ ਨਾਮ ਕਰਨ ਕਰ ਦਿੱਤਾ। ਜਿਵੇਂ : ਸਾ (ਸ਼ਡਜ) ਰੇ (ਰਿਖਭ) ਗਾ ਗੰਧਾਰ) ਮਾ (ਮੱਧਮ) ਪਾ (ਪੰਚਮ) ਧਾ (ਧੈਵਤ) ਨੀ (ਨਿਸ਼ਾਦ)। ਸੁਰਾਂ ਨੂੰ ਦੋ ਗਾਂ ਵਿੱਚ ਵੰਡਿਆ ਗਿਆ ਹੈ :

(1) ਅਚੱਲ ਸੁਰ (2) ਚੱਲ ਸੁਰ

ਅਚੱਲ ਸੁਰ :—ਉਹਨਾਂ ਨੂੰ ਕਹਿੰਦੇ ਹਨ ਜਿਹੜੇ ਆਪਣੀ ਥਾਂ ਤੋਂ ਅੱਗੇ ਪਿੱਛੇ ਜਾਂ ਉੱਚੇ ਨੀਵੇਂ ਨਹੀਂ ਹੁੰਦੇ। ਅਜਿਹੇ ਸੁਰ ਦੋ ਹਨ : ਸਾ ਅਤੇ ਪਾ।

ਚੱਲ ਸੁਰ :—ਸਾ ਅਤੇ ਪਾ ਨੂੰ ਛੱਡ ਕੇ ਬਾਕੀ ਸੁਰ ਚੱਲ ਸੁਰ ਕਹਿਲਾਉਂਦੇ ਹਨ, ਕਿਉਂਕਿ ਇਹ ਆਪਣੀ ਥਾਂ ਤੋਂ ਹੱਟ ਕੇ ਆਪਣਾ ਰੂਪ ਬਦਲ ਲੈਂਦੇ ਹਨ। ਅਜਿਹੇ ਸੁਰਾਂ ਦੀ ਸੰਖਿਆ ਪੰਜ ਮੰਨੀ ਜਾਂਦੀ ਹੈ: ਰੇ, ਗਾ, ਮਾ, ਧਾ, ਨੀ। ਪਰ ਇਹ ਧਿਆਨ ਦੇਣ ਯੋਗ ਗੱਲ ਹੈ ਕਿ ਸੁਰ ਚਾਹੇ ਸ਼ੁਧ, ਕੋਮਲ, ਤੀਬਰ ਕੋਈ ਰੂਪ ਧਾਰਨ ਕਰ ਲਵੇ ਪਰ ਉਸ ਦੇ ਉਚਾਰਨ ਵਿੱਚ ਕੋਈ ਫਰਕ ਨਹੀਂ ਪੈਂਦਾ। ਅਸੀਂ ਸਿਰਫ਼ ਸੁਰ ਲਿੱਪੀ ਚਿੰਨ੍ਹ ਰਾਹੀਂ ਭੇਦ ਸਮਝ ਕੇ ਉਸ ਦਾ ਅਜਿਹਾ ਪ੍ਰਯੋਗ ਕਰਦੇ ਹਾਂ। ਜਿਵੇਂ ਸ਼ੁਧ ਗਾ ਨੂੰ ਵੀ ਉਚਾਰਨ ਵਿੱਚ ਗਾ ਬੋਲਾਂਗੇ ਅਤੇ ਕੋਮਲ ਗਾ ਨੂੰ ਵੀ ਗਾ ਹੀ ਬੋਲਾਂਗੇ। ਕੇਵਲ ਉਸ ਨੂੰ ਬੋਲਣ ਦੀ ਧੁਨੀ ਵਿੱਚ ਉਚਾਰਣ ਜਾਂ ਨੀਵਾਂਪਣ ਹੋਵੇਗਾ। ਅੱਗੇ ਚਲ ਕੇ ਸੁਰਾਂ ਨੂੰ ਵੀ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

(1) ਕੋਮਲ ਸੁਰ (2) ਤੀਬਰ ਸੁਰ

ਕੋਮਲ ਸੁਰ :—ਜਿਹੜੇ ਸੁਰ ਆਪਣੀ ਥਾਂ ਤੋਂ ਹਟ ਕੇ ਕੁਝ ਨੀਵੀਂ ਧੁਨੀ ਧਾਰਨ ਕਰ ਲੈਂਦੇ ਹਨ ਅਤੇ ਆਪਣੀ ਅਤੇ ਪਿਛਲੇ ਸੁਰ ਦੇ ਵਿਚਾਰ ਦੀ ਆਵਾਜ਼ ਰਖਦੇ ਹਨ ਅਜਿਹੇ ਸੁਰ ਕੋਮਲ ਸੁਰ ਕਹਿਲਾਉਂਦੇ ਹਨ। ਜਿਵੇਂ ਸ਼ੁਧ ਗਾ ਅਤੇ ਸ਼ੁਧ ਰੇ ਦੇ ਕੁਝ ਵਿਚਕਾਰ ਕੋਮਲ ਗਾ ਹੁੰਦਾ ਹੈ।

ਕੋਮਲ ਸੁਰਾਂ ਦੀ ਕੁਲ ਸੰਖਿਆ ਚਾਰ ਹੈ : ਰੇ, ਗਾ, ਧਾ, ਨੀ।

ਤੀਬਰ ਸੁਰ :—ਕੋਮਲ ਸੁਰ ਵਾਂਗ ਤੀਬਰ ਸੁਰ ਵੀ ਸੁਰਾਂ ਦਾ ਇਕ ਰੂਪ ਦੋਹਾਂ ਵਿੱਚ ਅੰਤਰ ਸਿਰਫ ਇਤਨਾ ਹੈ ਕਿ ਜਿੱਥੇ ਕੋਮਲ ਸੁਰ ਆਪਣੀ ਥਾਂ ਤੋਂ । ਹਟ ਕੇ ਹੁੰਦਾ ਹੈ ਉੱਥੇ ਤੀਬਰ ਆਪਣੀ ਥਾਂ ਤੋਂ ਹਟ ਕੇ ਅੱਗੇ ਵੱਲ ਜਾਂਦਾ ਹੈ । ਿ ਦੀ ਅਵਾਜ਼ ਸ਼ੁੱਧ ਸੁਰ (ਮੱਧਮ) ਤੋਂ ਕੁਝ ਉੱਚੀ ਅਤੇ ਪਾ ਤੋਂ ਕੁਝ ਘੱਟ ਹੁੰਦੀ ਤੀਬਰ ਸੁਰ ਸਿਰਫ ਇੱਕ ਹੀ ਮੰਨਿਆ ਜਾਂਦਾ ਹੈ, ਜਿਸ ਨੂੰ ਤੀਬਰ 'ਮਾ' ਕਿ ਜਾਂਦਾ ਹੈ ।

ਸ਼ੁਧ ਸੁਰ :—ਚੱਲ ਅਤੇ ਅਚੱਲ ਸੁਰਾਂ ਦੇ ਆਪਣੇ ਸ਼ੁਧ ਰੂਪ ਨੂੰ ਸ਼ੁੱਧ ਸੁਰ ਕਿਹਾ ਜਾਂਦਾ ਹੈ । ਇਹ ਗਿਣਤੀ ਵਿੱਚ ਸੱਤ ਹਨ (ਸਾ, ਰੇ, ਗਾ, ਮਾ, ਪਾ, ਧਾ ਨੀ) । ਇਸ ਤਰ੍ਹਾਂ ਚੱਲ ਅਤੇ ਅਚੱਲ ਸੁਰਾਂ ਨੂੰ ਮਿਲਾ ਕੇ ਹੇਠ ਲਿਖੇ ਕੁੱਲ 12 ਸੁ ਬਣਦੇ ਹਨ । ਸਾ, ਰੇ॒, ਰੇ, ਗੁ, ਗਾ, ਮਾ, ਮਾ, ਪਾ, ਧੁ, ਧਾ, ਨੁ ਨੀ । ਇਹਨਾਂ ਸੁਰਾਂ ਦੇ ਪੂਰੇ ਨਾਂ ਅਤੇ ਸੰਖੇਪ ਨਾਂ ਹੇਠ ਲਿਖੇ ਹਨ :

| ਸੰਪੂਰਨ ਨਾਂ (ਸ਼ਾਸਤਰੀ ਨਾਂ) | ਸੰਖੇਪ ਨਾਂ (ਕਿਰਿਆਤਮਕ ਨਾਂ |
|---|---|
| ਸ਼ਡਜ | ਸਾ |
| ਰਿਖਤ | ਰੇ |
| ਗੰਧਾਰ | ਗਾ |
| ਮੱਧਮ | ਮਾ |
| ਪੰਚਮ | ਪਾ |
| ਧੈਵਤ | ਧਾ |
| ਨਿਸ਼ਾਦ | ਨੀ |